ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ


www.AKJ.org

ਗੁਰੂ ਨਾਨਕ ਆਮਦ ਨਰਾਇਨ ਸਰੂਪ ॥
ਹੁਮਾਨਾ ਨਿਰੰਜਨ ਨਿਰੰਕਾਰ ਰੂਪ ॥੧॥
ਹਕਸ਼ ਆਫ਼ਰੀਦਹ ਜ਼ਿ ਨੂਰੇ ਕਰਮ ॥
ਅਜ਼ੋ ਆਲਮੇ ਰਾ ਫ਼ਯੂਜ਼ੇ ਅਤਮ ॥੨॥
ਹਕੱਸ਼ ਬਰ ਗੁਜ਼ੀਦਹ ਜ਼ਿ ਹਰਬਰ ਗੁਜ਼ੀਂ ॥
ਨਿਸ਼ਾਦਸ਼ ਜ਼ਿ ਹਰ ਬਰਤਰੀਂ ਬਰਤਰੀਂ ॥੩॥
ਹਕੱਸ਼ ਗੁਫ਼ਤ ਖ਼ੁਦ ਮੁਰਸ਼ਿਦਉਲ ਆਲਮੀਂ ॥
ਨਿਜਾਤੁਉਲ ਵਰਾ ਰਹਮਤੁਉਲ ਮੁਜ਼ ਨਬੀਂ ॥੪॥

(ਸ੍ਰੀ ਜੋਤ ਬਿਗਾਸ ਭਾਈ ਨੰਦ ਲਾਲ ਜੀ ਵਿਚੋਂ)

2

www.AKJ.Org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਕਿਤੇ ਇਉਂ ਨਾ ਹੋਵੇ ? | ੪ | ਸੰਪਾਦਕ |
| ੨ | ਗੁਰਮਤ ਵਿਚ ਇਸਤਰੀ | ੫ | ਸ੍ਰੀਮਤੀ ਪ੍ਰੇਮ ਕੌਰ ਐਮ.ਏ. |
| ੩ | ਸਿੰਘਾਂ ਨੂੰ ਅਪੀਲ | ੭ | ਮੈਨੇਜਰ ਸੂਰਾ |
| ੪ | ਰਾਸ ਲੀਲ੍ਹਾ ਅਤੇ ਸਿਨਮੇ ਦਾ ਖੰਡਨ | ੮ | ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ |
| ੫ | ਕੱਚੀ ਬ੍ਾਣੀ | ੧੧ | ਬੀਬੀ ਕੁਲਦੀਪ ਕੌਰ ਐਮ.ਏ. ਪਟਿਆਲਾ |
| ੬ | ਰਹਿਤਾਂ | ੧੭ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੭ | ਨਾਨਕ ਬਪੁੜਾ ਏਵ ਕਹੈ | ੨੩ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ |
| ੮ | ਸਿਖ ਧਰਮ ਤੇ ਬੁਤ ਪ੍ਰਸਤੀ | ੨੮ | ਭਾਈ ਜਗਤਾਰ ਸਿੰਘ ਜੀ ਕੋਟਾ |
| ੯ | ਰੈਣ ਸਬਾਈ ਕੀਰਤਨ | ੩੧ | ਭਾਈ ਮੇਵਾ ਸਿੰਘ ਜੀ ਸਾਂਧਰਾ |
| ੧੦ | ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ | ੩੨ | ਭਾ: ਜਸਮੇਰ ਸਿੰਘ 'ਪਾਲ' ਚੰਡੀਗੜ੍ਹ |


## ਧੰਨਵਾਦ

| | |
|---|---|
| ਸ: ਜਗਤਾਰ ਸਿੰਘ ਬਾਰਾਂ ਬੰਕੀ | 11-00 |
| ਸ: ਮਾਨ ਸਿੰਘ, ਸੁਰਜੀਤ ਸਿੰਘ ਮਥਰਾ | 2-50 |
| ਸ: ਮਹਿੰਦਰ ਸਿੰਘ ਟੀਕ | 10-00 |
| ਸੰਗਤ ਗੋਬਿੰਦ ਨਗਰ ਕਾਨਪੁਰ ਰਾਹੀਂ ਸ: ਗੁਰਬਖ਼ਸ਼ ਸਿੰਘ ਜੀ ਖਾਲਸਾ ਬੂਟ ਹਾਊਸ ਵਾਲੇ, ਗੋਬਿੰਦ ਨਗਰ, ਕਾਨਪੁਰ। | 51-09 |

## 'ਸੂਰਾ' ਦਾ ਸਾਲਾਨਾ ਚੰਦਾ

| | |
|---|---|
| ਦੇਸ | 7 ਰੁਪਏ |
| ਪ੍ਰਦੇਸ | 12 ਰੁਪਏ ਸਮੁੰਦਰੀ ਡਾਕ |
| ਪ੍ਰਦੇਸ | 36 ਰੁਪਏ ਹਵਾਈ ਡਾਕ |
| ਲਾਈਫ਼ ਮੈਂਬਰ | 150 ਰੁਪਏ |

ਪ੍ਰਤੀ ਕਾਪੀ 70 ਪੈਸੇ

## ਰੈਣ ਸਬਾਈ ਕੀਰਤਨ

ਪਿੰਡ ਨਾਰੰਗਵਾਲ ਗੁਰਦਵਾਰਾ ਅਕਾਲੀ ਵਾਲਾ ਵਿਖੇ 4, 5 ਅਕਤੂਬਰ ਦੀ ਵਿਚਕਾਰਲੀ ਰਾਤ ਨੂੰ ਹੋਣਾ ਨੀਅਤ ਹੋਇਆ ਹੈ ਅੰਮ੍ਰਿਤ ਸੰਚਾਰ ਵੀ ਹੋਵੇਗਾ। ਸਰਬਤ ਸੰਗਤਾਂ ਦਰਸ਼ਨ ਬਖਸ਼ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਸ—ਨਰੈਣ ਸਿੰਘ ਕ੍ਰਿਪੀ

www.AKJ.org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

# ਪਟਿਆਲਾ

ਮਾਸਕ ਪੱਤਰ

## ਗੁਰਮਤਿ ਪਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਜਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ ।

ਜਿਲਦ ਨੰ: ੪ ] ਸਾਵਣ-ਅਸੂ ੫੦੦ ਨਾਨਕ ਸ਼ਾਹੀ [ ਅੰਕ ੧


ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭੁ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭੁ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥ ੮ ॥

(ਬਾਰਹ ਮਾਹ ਮਾਂਝ ਮਹਲਾ ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ

**ਸਤੰਬਰ ੧੯੬੯**

ਆਨਰੇਰੀ ਸੰਪਾਦਕ :
ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਅਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ
ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋ ਮਾਜਰਾਂ, ਪਟਿਆਂਲਾ ਤੋਂ 5 ਸਤੰਬਰ ਨੂੰ ਪ੍ਰਕਾਸ਼ਤ ਕੀਤਾ ।


www.AKJ.Org




# ਕਿਤੇ ਇਉਂ ਨਾ ਹੋਵੇ ?

ਸਮੁਚੇ ਸੰਸਾਰ ਵਿਚ ਗੁਰੂ ਨਾਨਕ ਨਾਮ ਲੇਵਾ ਸਿਖ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਮਨਾ ਰਹੇ ਹਨ। ਜਿਥੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਡੇ ਪੈਮਾਨੇ ਤੇ ਖਰਚ ਕਰ ਕੇ ਇਹ ਜਨਮ ਉਤਸ਼ਵ ਮਨਾ ਰਹੀ ਹੈ ਓਥੇ ਭਾਰਤ ਦੇ ਹਰ ਸੂਬੇ ਵਿਚ ਅਤੇ ਪੰਜਾਬ ਦੇ ਹਰ ਜ਼ਿਲੇ ਵਿਚ ਇਸ ਜਨਮ ਉਤਸ਼ਵ ਨੂੰ ਮਨਾਉਣ ਲਈ ਕਮੇਟੀਆਂ ਬਣਾ ਦਿਤੀਆਂ ਗਈਆਂ ਹਨ। ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੇ ਵੀ ਸਰਕਾਰੀ ਪੱਧਰ ਤੇ ਇਹ ਜਨਮ ਉਤਸ਼ਵ ਮਨਾਉਣ ਦਾ ਫੈਸਲਾ ਕੀਤਾ ਹੈ। ਸਾਡੀ ਰਾਜਧਾਨੀ ਦਿਲੀ ਵਿਚ ਇਸ ਸੰਬੰਧੀ ਲੈਕਚਰ ਲੜੀ ਵੀ ਸ਼ੁਰੂ ਹੋ ਗਈ ਹੈ।

ਭਾਵੇਂ ਇਸ ਜਨਮ ਸ਼ਤਾਬਦੀ ਨੂੰ ਮਨਾਉਣ ਲਈ ਹਜ਼ਾਰਾਂ ਪੁਸਤਕਾਂ ਤੇ ਟ੍ਰੈਕਟ ਛਪਾਏ ਜਾ ਰਹੇ ਹਨ। ਗੁਰਬਾਣੀ ਵੱਖ ਵੱਖ ਬੋਲੀਆਂ ਵਿਚ ਛਾਪ ਕੇ ਵੰਡੀ ਜਾ ਰਹੀ ਹੈ। ਸਿਖ ਅਜਾਇਬ ਘਰ ਬਣਾਏ ਜਾ ਰਹੇ ਹਨ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਫਿਲਾਸਫੀ ਸੰਬੰਧੀ ਲੈਕਚਰ ਦਿਤੇ ਜਾ ਰਹੇ ਹਨ।

ਅਜ ਤੋਂ ਤਿੰਨ ਸਾਲ ਪਹਿਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ੩੦੦ ਸਾਲਾ ਪ੍ਰਕਾਸ਼ ਉਤਸ਼ਵ ਮਨਾਇਆ ਗਿਆ। ਇਸ ਉਤਸ਼ਵ ਨੂੰ ਮਨਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਬਣਾਈ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਇਸ ਫਾਊਂਡੇਸ਼ਨ ਨੇ ਢਾਈ ਕਰੋੜ ਰੁਪਿਆ ਇਕੱਠਾ ਕੀਤਾ। ਪਰ ਇਸ ਫਾਊਂਡੇਸ਼ਨ ਤੋਂ ਜੋ ਉਮੀਦ ਸੀ ਉਹ ਪੂਰੀ ਨਾ ਹੋਈ। ਇਸ ਫਾਊਂਡੇਸ਼ਨ ਨੇ ਲੈਕਚਰ ਕਰਵਾਏ। ਕਈ ਥਾਵਾਂ ਤੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਦੀਆਂ ਨੀਹਾਂ ਰਖੀਆਂ ਗਈਆਂ। ਦਿਲੀ ਵਿਚ ਇਕ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣ ਦਾ ਪ੍ਰੋਗਰਾਮ ਬਣਾਇਆ ਗਿਆ।

ਪਰ ਹੋਇਆ ਕੀ ?

ਦਿਲੀ ਵਿਚ ਦੌੜ ਭਜ ਕਰਕੇ ਮਸਾਂ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਛਕਣ ਦਾ ਰਸਮੀ ਕੰਮ ਪੂਰਾ ਕੀਤਾ। ਗੁਰੂ ਗੋਬਿੰਦ ਸਿੰਘ ਸਬੰਧੀ ਉਹਨਾਂ ਕਹੌਤੀ ਵਿਦਵਾਨਾਂ ਤੋਂ ਲੈਕਚਰ ਕਰਵਾਏ ਗਏ ਜਿਨ੍ਹਾਂ ਦਾ ਆਪਣਾ ਜੀਵਨ ਗੁਰਮਤਿ ਵਲੋਂ ਕੋਰਾ ਸੀ। ਬਣ ਰਹੇ ਸਟੇਡੀਅਮ ਅਜੇ ਤਕ ਅਧੂਰੇ ਪਏ ਹਨ। ਕਿਤਾਬਾਂ ਦੀ ਛਪਾਈ ਵਿਚ (ਜੋ ਗਿਣਤੀ ਵਿਚ ਸੈਂਕੜਾ ਵੀ ਨਹੀਂ) ਪਬਲਿਸ਼ਰਜ਼,ਲੇਖਕ ਤੇ ਫ਼ਾਊਂਡੇਸ਼ਨ ਦੇ ਕਰਮਚਾਰੀਆਂ ਨੇ ਰਲ ਮਿਲ ਕੇ ਫ਼ਾਊਂਡੇਸ਼ਨ ਦੀ ਮਾਇਆ ਛੱਕ ਛਕਾ ਲਈ। ਜੋ ਪੁਸਤਕਾਂ ਛਾਪੀਆਂ ਵੀ ਗਈਆਂ, ਉਹਨਾਂ ਦੀ ਕੀਮਤ ਏਨੀ ਜ਼ਿਆਦਾ ਰਖੀ ਗਈ ਕਿ ਸਾਧਾਰਨ ਸਿਖ ਕਿਤਾਬ ਖਰੀਦਣ ਦਾ ਹੌਂਸਲਾ ਹੀ ਨਹੀਂ ਕਰ ਸਕਦਾ।

(ਬਾਕੀ ਦੇਖੋ ਸਫ਼ਾ ੬)


www.AKJ.Org

# ਗੁਰਮਤਿ ਵਿਚ ਇਸਤਰੀ

(ਸ੍ਰੀਮਤੀ ਪਰੇਮ ਕੌਰ ਐਮ. ਏ.)

ਇਸਤਰੀ ਨੂੰ ਮਨੁਖ ਦਾ ਅੱਧਾ ਅੰਗ ਕਿਹਾ ਜਾਂਦਾ ਹੈ। ਮਨੁੱਖ ਦੀ ਸ਼ਖਸੀਅਤ ਇਸਤਰੀ ਪਿਆਰ ਬਿਨਾਂ ਅਧੂਰੀ ਰਹਿ ਜਾਂਦੀ ਹੈ। ਦੁਨੀਆਂ ਦੀਆਂ ਜਿੰਨੀਆਂ ਵੀ ਮਹਾਨ ਸ਼ਖਸੀਅਤਾਂ ਮਿਲਦੀਆਂ ਹਨ, ਉਹਨਾਂ ਨੂੰ ਮਹਾਨ ਬਨਾਉਣ ਵਿਚ ਇਸਤਰੀ ਜਾਤੀ ਦਾ ਕਿਸੇ ਨਾ ਕਿਸੇ ਰੂਪ ਵਿਚ ਵੱਡਾ ਹੱਥ ਹੈ।

ਮਨੁਖੀ ਜੀਵਨ ਨੂੰ ਜੇ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਜਨਮ ਤੋਂ ਮਰਨ ਤਕ ਇਸਤਰੀ ਕਿਸੇ ਨਾ ਕਿਸੇ ਰੂਪ ਮਨੁੱਖ ਦੇ ਪਿਛੇ ਖੜੀ ਹੁੰਦੀ ਹੈ। ਮਾਂ, ਭੈਣ, ਪਤਨੀ ਕਿਸੇ ਨਾ ਕਿਸੇ ਰੂਪ ਵਿਚ ਇਸਤਰੀ ਪ੍ਰੇਮ ਮਨੁੱਖ ਨੂੰ ਉਚਾ ਚੁਕਣ ਲਈ ਹਲਾਸ਼ੇਰੀ ਦਿੰਦੀ ਰਹਿੰਦੀ ਹੈ।

ਭਾਵੇਂ ਹੋਰ ਧਰਮਾਂ ਵਿਚ ਵੀ ਇਸਤਰੀ ਨੂੰ ਵਿਸ਼ੇਸ਼ ਥਾਂ ਪ੍ਰਾਤਤ ਹੈ, ਪਰ ਗੁਰਮਤਿ ਵਿਚ ਜੋ ਸਥਾਨ ਇਸਤਰੀ ਨੂੰ ਪ੍ਰਾਪਤ ਹੈ, ਉਹ ਸਭ ਤੋਂ ਸਰੇਸ਼ਟ ਹੈ।

ਸਭ ਤੋਂ ਪਹਿਲੀ ਗਲ ਕਿ ਇਸਤਰੀ ਮਰਦ ਦੇ ਬਰਾਬਰ ਖੰਡੇ ਦਾ ਅੰਮ੍ਰਿਤ ਛੱਕ ਕੇ ਮਰਦ ਦੀ ਤਰਾਂ ਰਹਿਤ ਰਖ ਸਕਦੀ ਹੈ। ਨਾਮ ਜਪ ਸਕਦੀ ਹੈ, ਨਿਤਨੇਮ ਕਰ ਸਕਦੀ ਹੈ।

ਆਮ ਤੌਰ ਤੇ ਹੋਰ ਕਈ ਧਰਮਾਂ ਵਿਚ ਇਸਤਰੀ ਨੂੰ ਧਾਰਮਿਕ ਜਾਂ ਸਮਾਜਿਕ ਗਲਾਂ ਵਿਚ ਮਰਦ ਦੇ ਬਰਾਬਰ ਹਕ ਨਹੀਂ। ਉਸ ਦੀ ਜੀਵਨ ਰਹਿਣੀ ਤੇ ਸੋਚ ਨੂੰ ਘਟੀਆ ਗਿਣਿਆ ਜਾਂਦਾ ਹੈ। ਪਰ ਗੁਰਮਤਿ ਇਸਤਰੀ ਨੂੰ ਇਸ ਪੱਖ ਵਿਚ ਹੀ ਸਮਾਨਤਾ ਪ੍ਰਾਪਤ ਹੈ। ਇਕ ਤਿਆਰ ਬਰ ਤਿਆਰ ਸਿੰਘਣੀ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਕਰ ਸਕਦੀ ਹੈ। ਸ੍ਰੀ ਅਖੰਡ ਪਾਠ ਤੇ ਹੋਰ ਲੰਗਰ ਆਦਿ ਦੀ ਸੇਵਾ ਵਿਚ ਤਾਂ ਇਸਤਰੀ ਨੂੰ ਖ਼ਾਸ ਮਹਾਨਤਾ ਪ੍ਰਾਪਤ ਹੈ, ਕਿਉਂਕਿ ਗੁਰਮਤਿ ਦਾ ਸੰਦੇਸ਼ 'ਪੁਤਰ ਕਲਤ੍ਰ ਵਿਚੇ ਗਤਿ ਪਾਈ' ਦਾ ਹੈ। ਇਸ ਲਈ ਗ੍ਰਿਸਤ ਧਰਮ ਨੂੰ ਉਚਾ ਤੇ ਜ਼ਰੂਰੀ ਧਰਮ ਮੰਨਿਆ ਗਿਆ ਹੈ।

ਭਾਵੇਂ ਭਾਰਤ ਦਾ ਵਿਧਾਨ ਵੀ ਇਹ ਕਹਿੰਦਾ ਹੈ ਕਿ ਇਕ ਸਰਕਾਰੀ ਮੁਲਾਜ਼ਮ ਇਕ ਵੇਲੇ ਇਕੋ ਇਸਤਰੀ ਨਾਲ ਵਿਆਹ ਕਰਾ ਸਕਦਾ ਹੈ। ਪਰ ਗੁਰਮਤਿ ਦਾ ਵਿਧਾਨ ਇਸ ਤੋਂ ਉਚਾ ਹੈ। ਗੁਰੂ ਦਾ ਸਿੰਘ ਇਕ ਵੇਲੇ ਇਕੋ ਇਸਤਰੀ ਨਾਲ ਵਿਆਹ ਕਰਾ ਕੇ ਇਕੋ ਇਸਤਰੀ ਨਾਲ ਗ੍ਰਿਸਤੀ ਸੰਬੰਧ ਰਖ ਸਕਦਾ ਹੈ। ਪਰਾਈ ਇਸਤਰੀ ਨਾਲ ਅਯੋਗ ਸੰਬੰਧ ਰਖਣ ਵਾਲਾ ਪਤਿਤ ਸਿਖ ਗਿਣਿਆ ਜਾਂਦਾ ਹੈ ਤੇ ਅਜਿਹਾ ਸਿਖ ਮੁੜ ਅੰਮ੍ਰਿਤ ਛੱਕ ਕੇ ਹੀ ਸਿਖ ਕਹਾ, ਜਾਂ ਬਣ ਸਕਦਾ ਹੈ। ਗੁਰਮਤਿ ਧਰਮ ਸ੍ਰੇਸ਼ਟ ਤੇ



www.AKJ.Org

ਸੰਸਾਰ ਧਰਮ ਹੈ। ਇਸਤਰੀ ਜਾਤੀ ਨੂੰ ਹਰ ਪੱਖ ਤੋਂ ਇਹ ਉਚਾ ਬਨਾਉਣਾ ਚਾਹੁੰਦਾ ਹੈ। ਗੁਰੂ ਸਾਹਿਬਾਨ ਨੇ ਗੁਰਬਾਨੀ ਨੂੰ ਕਈ ਵਾਰੀ ਮਨੁਖੀ ਪਰਵਿਰਤੀ ਨੂੰ ਪ੍ਰੇਰਿਆ ਕਿ ਪਰਾਈ ਇਸਤਰੀ ਨੂੰ ਚੰਗੀ ਦ੍ਰਿਸ਼ਟੀ ਨਾਲ ਤਕੇ।

ਭਾਈ ਗੁਰਦਾਸ ਜੀ ਨੇ ਕਿਹਾ ਹੈ :—

ਦੇਖ ਪਰਾਈਆਂ ਚੰਗੀਆਂ
ਮਾਵਾਂ ਭੈਣਾਂ ਧੀਆਂ ਜਾਣੈ।

ਗੁਰੂ ਅਰਜਨ ਦੇਵ ਜੀ ਤਾਂ ਇਥੋਂ ਤਕ ਮਨੁਖ ਨੂੰ ਤਾੜਨਾ ਕੀਤੀ ਹੈ ਕਿ ਮਰਦ ਦੀ ਅੱਖ ਕਾਮੀ ਦ੍ਰਿਸ਼ਟੀ ਨਾਲ ਪ੍ਰਾਈ ਇਸਤਰੀ ਦਾ ਰੂਪ ਵੀ ਨਾ ਦੇਖੇ।

ਗੁਰੂ ਗੋਬਿੰਦ ਸਿੰਘ ਜੀ ਨੇ ਉਚੀ ਆਵਾਜ਼ ਨਾਲ ਕਿਹਾ ਕਿ ਆਪਣੀ ਇਸਤਰੀ ਨਾਲ ਭਾਵੇਂ ਰੋਜ਼ ਪਿਆਰ ਕਰੋ ਪਰ ਪ੍ਰਾਈ ਇਸਤਰੀ ਦੀ ਸੇਜ ਤੇ ਭੁਲ ਕੇ ਵੀ ਸੁਪਨੇ ਵਿਚ ਵੀ ਨਾਂ ਜਾਉ। ਗੁਰਬਾਨੀ ਵਿਚ ਥਾਂ ਥਾਂ ਇਸਤਰੀ ਮਰਦ ਦੇ ਪਿਆਰ ਦਾ ਅਲੰਕਾਰ ਵਰਤਕੇ ਪ੍ਰਭੂ ਭਗਤ ਪਿਆਰ ਨੂੰ ਸਪਸ਼ਟਾਇਆ ਹੈ।

ਇਹ ਸਾਰਾ ਕੁਝ ਇਸਤਰੀ ਜਾਤੀ ਦੇ ਉਚੇ ਸਥਾਨ ਨੂੰ ਪ੍ਰਗਟਾਉਂਦਾ ਹੈ। ਮੇਰੇ ਖਿਆਲ ਵਿਚ ਸਾਰੇ ਸੰਸਾਰ ਦੀ ਇਸਤਰੀ ਨੂੰ ਗੁਰਬਾਨੀ ਤੋਂ ਪ੍ਰੇਰਨਾ ਲੈਕੇ ਆਪਣਾ ਉਚਾ ਜੀਵਨ ਬਨਾਉਣਾ ਚਾਹੀਦਾ ਹੈ ਤੇ ਮਰਨ ਜੀਵਨ ਨੂੰ ਉਚਾ ਹੋਣ ਵਿਚ ਸਹਾਇਕ ਹੋਣਾ ਚਾਹੀਦਾ ਹੈ।

## ਬਟਾਲਾ ਵਿਖੇ ਗੁਰਮਤ ਸਮਾਗਮ

ਦਾ

## ਪਰੋਗ੍ਰਾਮ

ਮੰਗਲਵਾਰ 16-9-69 ਸੰਗਰਾਂਦ ਵਾਲੇ ਦਿਨ ਸ੍ਰੀ ਅਖੰਡ ਪਾਠ ਆਰੰਭ ਹੋਵੇਗਾ।

ਵੀਰਵਾਰ 18-9-69 ਸ੍ਰੀ ਅਖੰਡ ਪਾਠ ਜੀ ਦੀ ਸਮਾਪਤੀ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ

ਵੀਰਵਾਰ 18-9-69 ਰਾਤ ਨੂੰ ਰੈਣ ਸਬਾਈ ਕੀਰਤਨ 8-30 ਵਜੇ ਅਰੰਭ ਹੋਵੇਗੀ ਅਤੇ ਸਮਾਪਤੀ 19-9-69 ਸਵੇਰੇ 6 ਵਜੇ ਹੋਵੇਗੀ।

ਸ੍ਰੀ ਅਖੰਡ ਪਾਠ ਗੁਰਦੁਆਰਾ ਮੁਰਗੀ ਮਹਲਾ ਬਟਾਲਾ ਵਿਖੇ ਰਖਿਆ ਜਾਵੇਗਾ ਅਤੇ ਰੈਣ ਸਬਾਈ ਕੀਰਤਨ ਦਸਿਹਰਾ ਗਰਾਉਂਡ ਵਿਚ ਹੋਵੇਗਾ।

ਅਸੀਂ ਹਾਂ ਸੰਗਤ ਦੇ ਦਾਸ
ਅਖੰਡ ਕੀਰਤਨੀ ਜਥਾ ਬਟਾਲਾ
ਜ਼ਿਲਾ ਗੁਰਦਾਸਪੁਰ

---

ਸਫਾ 4 ਦੀ ਬਾਕੀ

੩੦੦ ਸਾਲਾ ਸ਼ਤਾਬਦੀ ਮਨਾਉਣ ਪਿਛੋਂ (ਪ੍ਰੀਤ ਲੜੀ) ਵਰਗੇ ਰਸਾਲੇ ਵਿਚ ਵੀ ਫ਼ਾਊਂਡੇਸ਼ਨ ਦੀ ਲੁਟ ਖਸੁਟ ਸੰਬੰਧੀ ਚਰਚਾ ਛਿੜੀ।

ਇਸੇ ਤਰਾਂ ਭਾਵੇਂ ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਮਨਾਉਣ ਸੰਬੰਧੀ ਅਖਬਾਰੀ ਰੌਲਾ, ਲੈਕਚਰ ਬਾਜ਼ੀ ਕਾਫ਼ੀ ਹੋ ਰਿਹਾ ਹੈ, ਪਰ ਸਾਨੂੰ ਡਰ ਹੈ ਕਿ ਇਹ ਉਤਸ਼ਵ ਵੀ ਤਿੰਨ ਸੌ ਸਾਲਾ ਉਤਸ਼ਵ ਦੀ ਤਰਾਂ ਐਂਵੇਂ ਰੌਲੇ ਗੌਲੇ ਤੇ ਛਕਣ ਛਕਾਉਣ ਵਿਚ ਵੀ ਨਾ ਲੰਘ ਜਾਵੇ।

ਕੀ ਪੰਥ ਹਿਤੈਸ਼ੀ ਸਾਡੀ ਦਰਦ ਤੇ ਪੁਕਾਰ ਨੂੰ ਸੁਨਣਗੇ ਤੇ ਦੇਸ਼ ਦੇ ਨੌਜਵਾਨਾਂ ਨੂੰ ਇਸ ਪੰਜ ਸੌ ਸਾਲਾ ਉਤਸ਼ਵ ਵਿਚੋਂ ਕੋਈ ਨਵੀਂ ਪ੍ਰੇਰਨਾ, ਨਵਾਂ ਉਤਸ਼ਾਹ ਤੇ ਨਵਾਂ ਜੀਵਨ ਦੇਣ ਲਈ ਉਪਰਾਲਾ ਕਰਨਗੇ ?

(ਸੰਪਾਦਕ)


www.AKJ.Org

# * ਸਿੰਘਾਂ ਨੂੰ ਅਪੀਲ *

ਸਰਬਤ ਗੁਰੂ ਪਿਆਰਿਆਂ ਅਤੇ ਸੂਰਾ ਦੇ ਪਾਠਕਾਂ ਨੂੰ ਪਤਾ ਹੀ ਹੈ ਕਿ 22-7-67 ਨੂੰ ਸੂਰਾ ਪ੍ਰਿੰਟਿੰਗ ਪ੍ਰੈਸ ਪੰਜ ਪਿਆਰਿਆਂ ਦੀ ਅਸ਼ੀਰਵਾਦ ਨਾਲ ਲਾਇਆ ਗਿਆ ਸੀ। ਇਸ ਪ੍ਰੈਸ ਵਿਚੋਂ ਜਿਥੇ ਹਰ ਮਹੀਨੇ ਸੂਰਾ ਮਾਸਕ ਪਤਰ ਬਾਕਾਇਦਾ ਛਪ ਰਿਹਾ ਹੈ, ਉਥੇ ਨਾਲ ਹੀ ਹੁਣ ਤਕ ਜੀਵਨ ਬ੍ਰਿਤਾਂਤ, ਗੁਰਮਤਿ ਰਹਿਣੀ ਅਤੇ ਬਾਬਾ ਹੋਰ ਖਾਣਾ ਖੁਸੀ ਖੁਆਰ ਆਦਿਕ ਕਈ ਕਿਤਾਬਾਂ ਵੀ ਛੱਪ ਚੁਕੀਆਂ ਹਨ।

ਪਿਛਲੇ ਤਿੰਨ ਸਾਲਾਂ ਤੋਂ ਸੂਰਾ ਪ੍ਰੈਸ ਨੂੰ ਹੋਰ ਪ੍ਰੈਸਾਂ ਬਰਾਬਰ ਖੜੇ ਕਰਨ ਲਈ ਤੇ ਹੋਰ ਹਰ ਪਾਸਿਉਂ ਮੁਕੰਮਲ ਕਰਨ ਲਈ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਟਾਈਪ ਲਿਆਂਦੇ ਗਏ ਹਨ। ਪੰਜਾਬੀ ਵਿਚ ਹੀ ਸਤ ਕਿਸਮਾਂ ਦੇ, ਹਿੰਦੀ ਵਿਚ ਤਿੰਨ ਕਿਸਮ ਦੇ ਅਤੇ ਅੰਗਰੇਜ਼ੀ ਵਿਚ ਅਠ ਕਿਸਮਾਂ ਦੇ ਟਾਈਪ ਲਿਆਂਦੇ ਗਏ ਹਨ।

ਇਹ ਸਾਰੇ ਖਰਚ ਪੂਰੇ ਕਰਨ ਲਈ ਸੂਰਾ ਦੇ ਪ੍ਰਬੰਧਕਾਂ ਨੂੰ ਕੁਝ ਰਕਮ ਉਧਾਰ ਲੈਣੀ ਪਈ। ਜਿਸ ਦਾ ਭਾਰ ਪ੍ਰਬੰਧਕ ਛੇਤੀ ਲਾਹੁਣਾ ਚਾਹੁੰਦੇ ਹਨ। ਇਹ ਕਾਰਜ ਤਾਂ ਹੀ ਹੋ ਸਕਦਾ ਹੈ ਜੇ ਸਾਰੀਆਂ ਸੰਗਤਾਂ ਆਪਣੀ ਕਿਰਤ ਕਮਾਈ ਵਿਚੋਂ ਇਕ ਮਹੀਨੇ ਦਾ ਦਸਵੰਧ ਪ੍ਰੈਸ ਨੂੰ ਭੇਜਣ ਦੀ ਕ੍ਰਿਪਾਲਤਾ ਕਰਨ।

ਪ੍ਰਬੰਧਕਾਂ ਦਾ ਲਿਚਾਰ ਹੈ ਕਿ ਸਤਿਗੁਰ ਜੀ ਦੀ ਬਖਸ਼ਿਸ਼ ਅਤੇ ਸਤਿਗੁਰੂ ਪਿਆਰਿਆਂ ਦਾ ਸਹਿਯੋਗ ਜੇ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਉਤਸ਼ਾਹ ਭਰਪੂਰ ਹੀ ਰਿਹਾ ਤਾਂ ਅਗਲੇ ਸਾਲ ਤੋਂ ਇਹ ਸੂਰਾ ਮਾਸਿਕ ਪਤਰ ਨੂੰ ਪੰਦਰਵਾੜਾ ਬਣਾਉਣ ਦਾ ਯਤਨ ਕੀਤਾ ਜਾਵੇਗਾ। ਤਾਂ ਜੋ ਇਹ ਪਤਰ ਕਲਜੁਗੀ ਜੀਵਾਂ ਦੇ ਮਨਾਂ ਨੂੰ ਹੋਰ ਹਲੂਣਾ ਦੇ ਕੇ ਲੋਕ ਪ੍ਰਲੋਕ ਸੁਧਾਰਨ ਦੀ ਜਾਚ ਦਸ ਸਕੇ।

ਆਸ ਹੈ ਕਿ ਸਰਬਤ ਗੁਰੂ ਪਿਆਰੇ ਸਾਡੀ ਇਹ ਬੇਨਤੀ ਪਰਵਾਨ ਕਰਨਗੇ।

ਦਾਸ, ਮੈਨੇਜਰ—ਸੂਰਾ ਪ੍ਰੈਸ, ਰਾਘੋਮਾਜਰਾ, ਪਟਿਆਲਾ।

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

ਕਈ ਗੁਰੂ ਪਿਆਰੇ ਆਪਣੇ ਘਰੋਗੀ, ਸਰੀਰਕ ਜਾਂ ਮਾਨਸਿਕ ਰੋਗਾਂ ਤੇ ਤਕਲੀਫਾਂ ਦਾ ਇਲਾਜ ਵੱਖ ਵੱਖ ਪ੍ਰਸ਼ਨਾਂ ਦੇ ਰੂਪ ਵਿਚ 'ਸੂਰਾ' ਦੇ ਸੰਪਾਦਿਕ ਕੋਲੋਂ ਪੁਛਦੇ ਹਨ। ਕਿਉਂਕਿ ਹਰ ਪ੍ਰਸ਼ਨ ਉਤਰ ਸੂਰਾ ਰਾਹੀਂ ਨਹੀਂ ਦਿਤਾ ਜਾ ਸਕਦਾ। ਇਸ ਲਈ ਬੇਨਤੀ ਹੈ ਕਿ ਜਿਸ ਸਜਨ ਨੇ ਵੀ ਨਿੱਜੀ ਜਾਂ ਘਰੋਗੀ ਕੋਈ ਸੁਝਾਉ ਜਾਂ ਇਲਾਜ ਪੁਛਣਾ ਹੋਵੇ, ਉਹ ਆਪਣੇ ਪ੍ਰਸ਼ਨ ਦੇ ਨਾਲ 25 ਪੈਸੇ ਦੇ ਟਿਕਟ ਜ਼ਰੂਰ ਭੇਜੇ ਤਾਂ ਜੋ ਨਿਜੀ ਤੌਰ ਤੇ ਉਸਨੂੰ ਸ਼ੀਘਰ ਉਤਰ ਦਿਤਾ ਜਾ ਸਕੇ।

ਦਾਸ, ਸੰਪਾਦਿਕ



www.AKJ.Org

# ਰਾਸ ਲੀਲ੍ਹਾ ਅਤੇ ਸਿਨਮੇ ਦਾ ਖੰਡਨ

(ਵਲੋਂ–ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮੁ ਪਿਆਰੁ ॥
ਸਾਚੀ ਬਾਣੀ ਸਬਦ ਬੀਚਾਰੁ ॥ ੧ ॥
ਗਾਵਤ ਰਹੈ ਜੇ ਸਤਿਗੁਰ ਭਾਵੈ ॥
ਮਨੁ ਤਨੁ ਰਾਤਾ ਨਾਮਿ ਸੁਹਾਵੈ ॥ ੧ ॥ ਰਹਾਉ ॥
ਇਕਿ ਗਾਵਹਿ ਇਕਿ ਭਗਤਿ ਕਰੇਹਿ ॥
ਨਾਮੁ ਨ ਪਾਵਹਿ ਬਿਨੁ ਅਸਨੇਹ ॥
ਸਚੀ ਭਗਤਿ ਗੁਰ ਸਬਦ ਪਿਆਰ ॥
ਅਪਨਾ ਪਿਰੁ ਰਾਖਿਆ ਸਦਾ ਉਰਿਧਾਰਿ ॥ ੨ ॥
ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥
ਨਚਿਐ ਟਪਿਐ ਭਗਤਿ ਨ ਹੋਇ ॥
ਸਬਦਿ ਮਰੈ ਭਗਤਿ ਪਾਏ ਜਨ ਸੋਇ ॥ ੩ ॥
ਭਗਤਿ ਵਛਲੁ ਭਗਤਿ ਕਰਾਏ ਸੋਇ ॥
ਸਚੀ ਭਗਤਿ ਵਿਚਹੁ ਆਪੁ ਖੋਇ ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ
ਨਾਨਕ ਬਖਸੇ ਨਾਮੁ ਪਛਾਣੈ ॥ ੪ ॥ ੪ ॥ ੨੪ ॥

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਹਉਮੈ ਦੇ ਕਚੇ ਗੀਤ ਗਾਵਣਹਾਰੇ ਰਾਂਸਧਾਰੀਆਂ ਦੇ ਟੋਲਿਆਂ ਨੂੰ ਖੂਬ ਖੰਡਣ ਕੀਤਾ ਹੈ। ਰਾਸ ਲੀਲਾ ਕਰਨਹਾਰੇ ਹਉਮੈ ਭਰੇ ਗੀਤ ਗਾ ਗਾਕੇ ਖੁਦ ਗੁਮਰਾਹ ਹੁੰਦੇ ਹਨ ਤੇ ਲੋਕਾਂ ਨੂੰ ਪੁਠੇ ਰਾਹ ਪਾਉਂਦੇ ਹਨ ਏਹਨਾਂ ਕਚ ਪਿਚੇ ਗੀਤਾਂ ਦੇ ਗਾਵਣ ਨਾਲਿ ਨ ਓਹਨਾਂ ਨੂੰ ਖੁਦ ਕੁਛ ਸੁਆਦ ਆਉਂਦਾ ਹੈ ਨ ਹੀ ਲੋਕਾਂ ਦੇ ਪਲੇ ਕੋਈ ਠਿਗਰ ਰਸ ਇਖਲਾਕ ਵਾਲੀ ਗਲ ਪੈਂਦੀ ਹੈ। ਅਸਲ ਗਾਵਣ ਗਾਵਣਾ ਗੁਰਮਤਿ ਦੀ ਸਿਫਤ ਸਾਲਾਹ ਹੀ ਕੀਰਤਨੀ ਜਨਾਂ ਦਾ ਹੈ ਜਿਨਾਂ ਨੂੰ ਵਾਹਿਗੁਰੂ ਦੇ ਸਚੇ ਨਾਮ ਨਾਲ ਸੱਚਾ ਪਿਆਰ ਹੈ ਜਿਹਨਾਂ ਦਾ ਅਤਿ ਸੱਚੀ ਬਾਣੀ ਤੇ ਸਚੜਾ ਸ਼ਬਦ ਵੀਚਾਰੀ ਅਭਿਆਸ ਸਦਾ ਹੀ ਬਣਿਆਂ ਰਹਿੰਦਾ ਹੈ। ਓਹ ਐਸੇ ਗੁਰਮਤਿ ਧਾਰੀ ਸਚੀ ਬਾਣੀ ਗਾਵਣਹਾਰੇ ਸਤਿਗੁਰੂ ਨੂੰ ਭਾਏ ਹੋਏ ਕੇਵਲ ਗੁਰਮਤਿ ਧਾਰਨੀ ਗੁਰਸਿਖ ਹੀ ਹਨ ਜੋ ਖਿਨ ਖਿਨ ਸਿਫਤਿ ਸਾਲਾਹ ਕਰਦੇ ਹੀ ਰਹਿੰਦੇ ਹਨ ਜੀਹਨਾਂ ਦਾ ਮਨ ਤਨ ਸਦਾ ਨਾਮ ਵਿਖੇ ਹੀ ਹਰਦਮ ਰਤਿਆ ਰਹਿੰਦਾ ਹੈ ਇਸ ਤੋਂ ਉਲਟ ਹੋਛੀਆਂ ਗੀਤਾਂ ਗਾਵਣ ਹਾਰੇ ਜੋ ਟੋਲੇ ਹਨ ਤੇ ਰਾਸਧਾਰੀਆਂ ਵਾਲੀ ਕੁਮਾਸ਼ਬਾਜ਼ੀ ਕਰਦੇ ਹਨ ਤੇ ਨਾਮ ਉਸ ਦਾ ਭਗਤੀ ਕਰਨੀ ਧਰਦੇ ਹਨ ਜੋ ਨਿਰੀ ਸਚੜੇ ਪਰੇਮ ਪਿਆਰ ਬਿਹੂਣੀ ਹੁੰਦੀ ਹੈ। ਇਸ ਕੁਮਾਸ਼ ਬਾਜ਼ੀ ਦੁਆਰਾ ਸਚੜਾ ਨਾਮ ਉਕਾ ਹੀ ਉਹਨਾਂ ਨੂੰ ਨਸੀਬ ਨਹੀਂ ਹੁੰਦਾ। ਸਚੀ ਭਾਉ ਭਗਤੀ ਗੁਰ ਸਬਦ ਦੇ (ਗੁਰਮਤਿ ਗੁਰਮੰਤਰ) ਪਿਆਰ ਦੁਆਰਾ ਹੀ ਪ੍ਰਾਪਤਿ ਹੁੰਦੀ ਹੈ ਕੇਵਲ ਇਸ ਗੁਰਮਤਿ ਪਿਰੀ ਪਿਆਰ ਨੂੰ ਉਰਿਧਾਰੀ ਰਖਣਾ ਹੀ ਸਚੀ ਭਗਤੀ ਕਰਨਾ ਹੈ (ਜੋ ਕਿ ਗੁਰਸਿਖਾਂ ਦੇ ਵਿਰਸੇ ਵਿਚਿ ਹੀ ਆਈ ਹੈ।) ਮੂਰਖ ਲੋਗ ਰਾਸ ਕੀ ਪਾਉਂਦੇ ਹਨ ਨਿਰਾ ਦਿਖਾਵਾ ਹੀ ਦਿਖਾਉਂਦੇ ਹਨ। ਰਾਸ ਲੀਲਾ ਪਾਉਣ ਨੂੰ ਭਗਤੀ ਪਉਣਾ ਤੇ ਰਾਸਧਾਰੀਆਂ ਨੂੰ ਭਗਤੀਏ ਕਹਿਣਾ ਓਹਨਾਂ ਦਾ ਨਿਰਾ ਕੁਚੱਜ ਹੈ। ਇਸ ਬਿਧਿ ਕੁਚੱਜ ਕਰ ਕੇ ਓਹ ਮੂਰਖ ਲੋਗ ਸਿਰਫ ਆਪਣਾ ਆਪ ਹੀ ਜਣਾਉਂਦੇ ਫਿਰਦੇ ਹਨ ਅਤੇ ਇਸ ਹੋਛੀ ਭਗਤ ਪਾਇਣੀ ਦੁਆਰਾ ਉਹ ਉਭੜ ਉਭੜ ਕੇ ਨਚਦੇ ਟੱਪਦੇ ਹਨ ਅਤੇ ਨਚ ਨਚ ਟੱਪ ਕੇ ਬਹੁਤ ਦੁਖ ਪਾਉਂਦੇ ਹਨ। ਇਸ ਬਿਧਿ ਨੱਚਨ ਟਪਣ ਨਾਲਿ ਭਗਤੀ ਨਹੀਂ ਹੁੰਦੀ। ਸਚੀ ਭਗਤੀ ਵਾਲਾ ਗੁਰਮਤਿ ਮਾਰਗ ਇਸ ਪਾਖੰਡ ਭਗਤੀ ਤੋਂ ਵਿਲਖੱਣਾ ਤੇ ਮਹਾਂ ਸਰੇਸ਼ਟ ਹੈ। ਗੁਰ ਸ਼ਬਦ ਦੀ ਕਮਾਈ ਦੁਆਰਾ ਇਹ ਨਚਣਾਂ ਟੱਪਣਾ ਮਨੂੰਆਂ ਮਰ ਜਾਵੇ ਫੇਰ ਸਚੀ ਭਗਤੀ ਦਾ ਮਾਰਗ ਨਸੀਬ ਹੁੰਦਾ ਹੈ। ਭਗਤ ਵਛਲ ਵਾਹਿਗੁਰੂ ਆਪ ਤੁਠ ਕੇ ਉਹਨਾਂ ਤੋਂ ਭਗਤੀ ਕਰਾਉਂਦਾ ਹੈ। ਸਚੀ ਭਗਤੀ ਉਸ ਭਗਤ ਜਨ ਨੂੰ ਨਸੀਬ ਹੁੰਦੀ ਹੈ ਜੋ ਵਿਚੋਂ ਆਪਣਾ ਆਪ



www.AKJ.Org

ਗੰਵਾ ਲੈਂਦਾ ਹੈ ਤੇ ਪਖੰਡ ਦਿਖਾਵੇ ਨੂੰ ਨੇੜੇ ਨਹੀਂ ਆਉਣ ਦੇਂਦਾ ਇਸ ਲੋਕ ਦਿਖਾਵੇ ਦੀ ਰਾਸ ਲੀਲਾ ਰਾਸਧਾਰੀਆਂ ਦੀ ਰਚੀ ਹੋਈ ਮਹਾਂ ਮਲੀਨ ਕੁਸੰਗਤ ਤੋਂ ਕੋਈ ਭੀ ਅਨਮਤੀ ਨਹੀਂ ਬਚਦਾ ਅਜ ਕਲ ਦੇ ਸਿਨੇਮੇ ਥੀਏਟਰ ਨਵੀਨ ਫੈਸ਼ਨ ਦੀਆਂ ਰਾਸ ਲੀਲਾਵਾਂ ਹਨ। ਬੜੇ ਬੜੇ ਪੜ੍ਹੇ ਹੋਏ ਤਾਲੀਮਯਾਫਤਾ ਲੋਕ ਜੋ ਆਪਣੇ ਆਪ ਨੂੰ ਬੜਾ ਮਜ਼ਹੱਬ ਸਦਾਉਂਦੇ ਹਨ । ਏਹਨਾਂ ਥੀਏਟਰਾਂ ਸਿਨਿਮਿਆਂ ਰੂਪੀ ਰਾਸ ਲੀਲਾਵਾਂ ਵਿਚ ਸਣੇ ਪ੍ਰਵਾਰਾਂ ਦੇ ਸਣੇ ਨੂੰਹਾਂ ਬੇਟੀਆਂ ਦੇ ਜਾ ਜਾ ਕੇ ਖਜਲ ਖੁਆਰ ਹੁੰਦੇ ਹਨ। ਅਤੇ ਇਸ ਬਿਧਿ ਖਜਲਖੁਆਰ ਹੋਣ ਨੂੰ ਬੜਾ ਹੀ ਫਖਰ ਸਮਝਦੇ ਹਨ । ਕੀ ਅਮੀਰ ਕੀ ਗਰੀਬ ਤਬਕੇ ਦਾ ਮਨੁਖ ਮਾਤਰ ਆਨਮਤੀ ਨਿਤਾਪ੍ਰਤਿ ਏਸੇ ਖਲਜਗਣ ਵਿਚ ਖੁਆਰ ਹੁੰਦਾ ਰਹਿੰਦਾ ਹੈ । ਏਹਨਾਂ ਦਾ ਨਾ ਕੋਈ ਦੀਨ ਹੈ ਨਾ ਇਮਾਨ ਹੈ । ਨਾ ਕੋਈ ਅਸੂਲ ਹੈ ਨਾ ਇਲਾਕ ਹੈ। ਬਦ ਇਖਲਾਕੀ ਪੈਦਾ ਹੁੰਦੀ ਹੈ ਉਹ ਏਹਨਾਂ ਬਦ ਇਖਲਾਕ ਟੋਲਿਆਂ ਤੋਂ ਹੀ ਪੈਦਾ ਹੁੰਦੀ ਹੈ । ਨਵੀਨ ਉਮਰ ਦੇ ਨੌਜਵਾਨ ਲੜਕੇ ਲੜਕੀਆਂ ਨੂੰ ਏਹ ਮੁਹੱਜ਼ਬ ਲੋਕ ਅਪਣੇ ਹਥੀਂ ਕੂਚਾ ਲਾਕੇ ਆਪ ਖਰਾਬ ਕਰਦੇ ਹਨ ਏਹਨਾਂ ਭੈੜੀਆਂ ਵਾਦੀਆਂ ਵਿਚ ਧਨ ਧਾਮ ਘਰ ਘਾਮ ਦੀਨੋਂ ਇਮਾਨ ਸਭ ਲੁਟਾ ਦਿੰਦੇ ਹਨ ਤੇ ਲੁਟਾਈ ਫਿਰਦੇ ਹਨ। ਸੋ ਕਾਲਡ ਸ਼ਾਇਸਤਗੀ ਨਿਰੀ ਨੁਮਾਇਸ਼ ਹੈ। ਸਚੀ ਸਾਇਸਤਗੀ ਤੋਂ ਏਹ ਲੋਗ ਸੂਨ ਤੇ ਸਖਣੇ ਹਨ । ਏਹ ਕੇਵਲ ਗੁਰਮਤਿ ਹੀ ਹੈ ਜੋ ਏਹਨਾਂ ਬਦਇਖਲਾਕੀ ਦੇ ਵਹਿਣ ਵਿਚ ਰੁੜ੍ਹੇ ਜਾਂਦਿਆਂ ਬਚਾ ਸਕਦੀ ਹੈ। ਏਹਨਾਂ ਸਭ ਤੋਂ ਭੈੜੇ ਪਖੰਡੀਆਂ ਨੂੰ ਦਮਨ ਕਰਨਾਂ ਸਭ ਤੋਂ ਉਚਾ ਉਪਕਾਰ ਹੈ । ਇਹ ਉਪਕਾਰ ਕੇਵਲ ਗੁਰਮਤਿ ਤੋਂ ਹੀ ਉਫਪੰਨ ਹੁੰਦਾ ਹੈ। ਸਚੀ ਗੁਰਮਤਿ ਗੁਰੂ ਸਾਹਿਬਾਨ ਦੇ ਉਚੇ ਪਰਉਪਕਾਰੀ ਆਦਰਸ਼ ਤੋਂ ਤੇ ਗੁਰਮਤਿ ਦੇ ਸਚੇ ਪੂਰਨੇ ਪਾਉਣਹਾਰੇ ਗੁਰਮੁਖ ਜਨਾਂ ਦੇ ਜੀਵਣ ਤੋਂ ਸੁਤੇ ਪਰਾਪਤਿ ਹੁੰਦੀ ਹੈ । ਇਸ ਸਚੜੇ ਗੁਰਮਤਿ ਆਦਰਸ਼ ਬਿਹੂਣੀ ਮਤ ਸਭ ਆਨਮਤ ਤੇ ਕੁਮਤ ਮਤ ਹੈ ।

## ਜਗਤ ਉਧਾਰਨ ਦਾ ਸੱਚਾ ਧੁਰਵਾ

ਪੰਡਿਤ ਸਾਸਤ ਸਿਮ੍ਰਿਤਿ ਪੜਿਆ ॥
ਜੋਗੀ ਗੋਰਖੁ ਗੋਰਖੁ ਕਰਿਆ ॥
ਮੈ ਮੂਰਖ ਹਰਿ ਹਰਿ ਜਪੁ ਪੜਿਆ ॥
ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥
ਹਰਿ ਭਜੁ ਮਨ ਮੇਰੇ ਤਰੁ ਭਉਜਲ ਤੂ ਤਾਰੀ॥ ੧ ॥ ਰਹਾਉ ॥
ਸਨਿਆਸੀ ਬਿਭੂਤ ਲਾਇ ਦੇਹ ਸਵਾਰੀ ॥
ਪਰਤ੍ਰਿਆ ਤਿਆਗੁ ਕਰੀ ਬ੍ਰਹਮਚਾਰੀ ॥
ਮੈ ਮੂਰਖ ਹਰਿ ਆਸ ਤੁਮਾਰੀ ॥ ੨ ॥
ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥
ਸੂਦ ਵੈਸ ਪ੍ਰਕਿਰਤਿ ਕਮਾਵੈ ॥
ਮੈ ਮੂਰਖ ਹਰਿ ਨਾਮ ਛਡਾਵੈ ॥ ੩ ॥
ਸਭ ਤੇਰੀ ਸ੍ਰਿਸਟਿ ਤੂੰ ਆਪ ਰਹਿਆ ਸਮਾਈ ॥
ਗੁਰਮੁਖਿ ਨਾਨਕ ਦੇ ਵਡਿਆਈ ॥
ਮੈ ਅੰਧੁਲੇ ਹਰਿ ਟੇਕ ਟਿਕਾਈ ॥ ੪ ॥

ਗੁਰੂ ਸਾਹਿਬ ਜੀ ਆਪਣੇ ਚੋਥੈ ਜੋਤਿ ਜਾਮੇ ਸਰੂਪ ਵਿਚ ਸਮੁਚੇ ਗੁਰਮਤਿ ਹੀਣੇ ਸੰਸਾਰੀਆਂ ਪ੍ਰਤੀ ਇਸ ਬਿਧਿ ਦ੍ਰਿੜਾਉਂਦੇ ਹਨ ਕਿ ਅਸਾਡੇ ਸੰਸਾਰੀਆਂ ਦੀ ਗੁਰਮਤਿ ਤੋਂ ਹੀਣੇ ਸੰਸਾਰੀਆਂ ਦੀ ਜੋ ਗੁਰਮਤਿ ਨਾਮ ਵਲ ਨਹੀਂ ਜੁਟਦੇ, ਪਤਾ ਨਹੀਂ ਕੀ ਗਤਿ ਹੋਵੇਗੀ । ਭਾਵ ਦੁਰਗਤੀ ਹੀ ਹੋਵੇਗੀ। ਇਸ ਕਰਕੇ ਗੁਰੂ ਸਾਹਿਬ ਆਪਣੇ ਮਨ ਉਪਰ ਘਟਾਕੇ ਹੀ ਸਾਰੇ ਗੁਰਮਤਿਹੀਣੇ ਦੁਰਮਤੀ ਆਨਮਤੀਆਂ ਨੂੰ ਇਸ ਬਿਧਿ ਉਪਦੇਸ਼ਦੇ ਹਨ ਕਿ ਜੇਕਰ ਮਨਮਤ ਆਨਮਤ ਗੁਰਮਤਿ ਦੇ ਝਮੇਲੇ ਚੋਂ ਬਚਨਾਂ ਹੈ ਅਤੇ ਭਉਜਲ ਤੋਂ ਪਾਰ ਪੈਣਾ ਹੈ ਤਾਂ ਕੇਵਲ ਇਸ ਬਲਾ ਤੋਂ ਬਚਣ ਦੀ ਬਿਧੀ ਇਹੀ ਹੈ ਕਿ ਗੁਰਮਤਿ ਨਾਮ ਦਾ ਭਜਨ ਕਰਕੇ ਤਿਸ ਭਉਜਲ ਸੰਸਾਰ ਤੋਂ ਤਰਿਆ ਜਾਵੇ ਇਸ ਭਵਜਲੀ ਵਹਿਣ ਵਿਚ ਰੁੜੇ ਜਾਂਦੇ ਆਨਮਤਿ ਦੇ ਘਾਸੇ ਵਿਚ ਘਸੀਟੇ ਚਲੇ ਜਾਂਦੇ ਲੋਕਾਂ ਨੂੰ ਸੂਝ ਬੂਝ ਹੀ ਨਹੀਂ ਪੈਂਦੀ ਕਿ ਕਿਸ ਬਿਧੀ ਨਾਲ ਬਚਿਆ ਜਾ ਸਕਦਾ ਹੈ। ਹਿੰਦੂਆਂ ਦਾ ਸਭ ਤੋਂ ਵਡਾ ਮੰਨਿਆਂ ਦੰਨਿਆਂ ਆਗੂ ਪੰਡਿਤ ਬਸ ਸ਼ਾਸਤਰ ਸਿਮ੍ਰਿਤੀਆਂ ਵੇਦਾਂ ਦੇ ਪੜ੍ਹਨ ਵਾਲੇ ਵਹਿਣ ਵਿਚ ਹੀ ਰੁੜਿਆ ਜਾਂਦਾ ਹੈ । ਸ਼ਾਸਤ੍ਰਾਂ ਸਿਮ੍ਰਿਤੀਆਂ ਦੇ ਪੜ੍ਹਨ ਵਿਚ ਹੀ ਆਪਣੀ ਆਰਜਾ ਵਿਹਾ ਦਿੰਦਾ ਹੈ । ਸ਼ਾਸਤਰ ਸਿਮ੍ਰਿਤ ਪਰਮਾਰਥ ਦੇ ਮਾਰਗ ਵਿਚ ਸਹਾਈ ਹੋਣੋਂ ਉਕੇ ਹੀ ਕਾਸਰ ਹਨ ਕਿਉਂਕਿ ਇਹਨਾਂ ਸ਼ਾਸਤਰਾਂ ਸਿਮਰਤੀਆਂ ਵੇਦਾਂ ਆਦ ਦੀ ਪੜ੍ਹਾਈ ਕੇਵਲ ਤ੍ਰੈਗੁਣਾਂ ਦੀ ਪੜ੍ਹਾਈ ਹੈ । ਤ੍ਰੈਗੁਣ ਸਭ ਮਾਇਆ ਹੈ ਮਾਇਆ ਤੋਂ ਅਤੀਤ ਤੁਰੀਆ ਗੁਣੀ ਚਉਥਾ ਪਦ ਕੇਵਲ ਗੁਰਮਤਿ ਅੰਦਰ ਪਾਗੇ ਹੋਏ ਗੁਰਮੁਖ ਜਨਾਂ ਦੇ ਵਿਰਸੈ ਵਿਚ ਹੀ ਆਉਂਦਾ ਹੈ। ਕਰਮ ਹੀਣ ਪੰਡਿਤ ਜਨ ਬਸ ਫੋਗ ਨੂੰ ਹੀ ਗਾਹੁੰਦਾ ਫਿਰਦਾ ਹੈ । ਇਸੇ ਤਰਾਂ ਜੋ ਜੋਗ ਮਤ ਦਾ ਅਧੀਨ ਕਰਨ ਹਾਰਾ ਜੋਗੀ ਹੈ ਉਹ ਬਸ, ਗੋਰਖ ਗੋਰਖ ਕਰਦਾ ਹੀ ਜੋਗੀ ਮਤ ਦੇ ਉਚੇ ਨੇਤਾ ਗੋਰਖ ਨੂੰ ਹੀ ਵਡਿਆਉਂਦਾ ੨ ਖਪ ਜਾਂਦਾ ਹੈ, ਤੱਤ ਪਦਾਰਥ ਉਸ ਪਲੇ ਭੀ ਨਹੀਂ ਪੈਂਦਾ । ਸਨਿਆਸ ਮਤ ਦਾ ਅਨੁਸਾਰੀ ਸੰਨਿਆਸੀ ਜਨ ਸੁਆਹ ਭਸਮ ਲਾਕੇ ਹੀ ਦੇਹੀ ਸਵਾਰੀ ਫਿਰਦਾ ਹੈ। ਸਰੀਰ ਨੂੰ ਸੁਆਹ ਲਾਉਣ ਅਤੇ ਲਾਈ


www.AKJ.Org

ਫਿਰਨ ਵਾਲੇ ਮਨਮਤੀ ਕੰਮਾਂ ਨੂੰ ਹੀ ਸਭ ਕੰਮਾਂ ਤੋਂ ਸਰੇਸ਼ਟ ਬਣਾਈ ਫਿਰਦਾ ਹੈ। ਤੱਤ ਵਸਤੂ ਉਸ ਦੇ ਹਥ ਭੀ ਨਹੀ ਆਉਂਦੀ ਬ੍ਰਹਮਚਰਜ ਫਿਰਕੇ ਦਾ ਬ੍ਰਹਮਚਾਰੀ ਅਨਮਤੀ ਜਨ ਪਰਾਈ ਇਸਤਰੀ ਦੇ ਤਿਆਗ ਨੂੰ ਹੀ ਪਰਮਾਰਥ ਪ੍ਰਾਪਤੀ ਦਾ ਉਚਾ ਸਾਧਨ ਸਮਝੀ ਫਿਰਦਾ ਹੈ ਅਤੇ ਏਸੇ ਤਿਆਗ ਨੂੰ ਹੀ ਆਪਨੀ ਪਰਮਗਤੀ ਦਾ ਉਚਾ ਅੰਗ ਮੰਨੀ ਬੈਠਾ ਹੈ ਸਚੇ ਪਰਮਾਰਥੀ ਜਨ ਗੁਰਮੁਖਾਂ ਨੂੰ ਕੇਵਲ ਇਕ ਅਕਾਲ ਪੁਰਖ ਅਤੇ ਉਸ ਦੇ ਇਕੋ ਨਾਮ ਉਪਰ ਹੀ ਟੇਕ ਹੈ। ਇਸ ਏਕਤਾ ਦੀ ਪੂਜਾ ਤੋਂ ਬਾਹਰ ਹੋਰ ਉਹ ਕੋਈ ਆਸ ਸੰਕਲਪ ਵਿਕਲਪ ਫੁਰਨਾ ਕਫੁਰਨਾ ਅਪਣੇ ਮਨ ਅੰਦਰ ਲਿਔਂਦੇ ਹੀ ਨਹੀਂ। ਏਸੇ ਕਰਕੇ ਅਪਣੀ ਮਨੁਖਾ ਸੰਸਾਰ ਯਾਤਰਾ ਨੂੰ ਜਿਤ ਜਾਂਦੇ ਹਨ। ਗੁਰਮਤਿ ਮਾਰਗੀ ਏਕੋ ਨਾਮ ਵਾਹਿਗੁਰੂ ਦੇ ਅਨਿੰਨ ਅਭਿਆਸੀ ਗੁਰਮਤਿ ਦਰਸੀਆਂ ਨੂੰ ਸਚੇ ਮਾਰਗ ਦੀ ਪ੍ਰਾਪਤੀ ਦਾ ਹੋਣਾਂ ਗੁਰੂ ਸਾਹਿਬਾਨ ਨੇ ਸਿਧ ਕਰਕੇ ਮੰਨਿਆ ਹੈ। ਖਤਰੀ ਕਹੌਣ ਵਾਲੇ ਹਿੰਦੂ ਮਤ ਦੇ ਨੇਤਾ ਜਨਾਂ ਨੂੰ ਸੂਰਮਗਤੀ ਦਾ ਕਰਮ ਕਰਨਾ ਹੀ ਧਰਮ ਭਰਮ ਭਾਸਦਾ ਹੈ। ਸ਼ੂਦਰ ਅਤੇ ਵੈਸ ਪਰਾਈ ਕਿਰਤ ਵਿਡਾਣੀ ਚਾਕਰੀ ਨੂੰ ਹੀ ਕਰਨਾ ਸਭ ਤੋਂ ਉਚੀ ਕਮਾਈ ਜਾਣਦੇ ਹਨ। ਵਾਹਿਗੁਰੂ ਦੇ ਅਨਿੰਨ ਅਭਿਆਸੀ ਗੁਰਮੁਖ ਜਨਾਂ ਨੂੰ ਗੁਰਮਤਿ ਨਾਮ ਤੋਂ ਛੁਟ ਹੋਰ ਕਿਸੇ ਕਾਰ ਬਿਹਾਰ ਦਾ ਲਗਾਉ ਨਹੀਂ ਗੁਰਮਤਿ ਦੇ ਇਸ ਅਨਿੰਨ ਲਗਾਉ ਨੂੰ ਅਨਮਤੀ ਜਨ ਮੂਰਖਾਂ ਦੀ ਕਾਰ ਦਸਦੇ ਹਨ ਪਏ ਦਸਣ। ਗੁਰਮੁਖਾਂ ਨੂੰ ਇਸ ਬਿਧਿ ਮੂਰਖ ਅਖਵਾਉਣ ਵਿਚ ਹੀ ਬੜਾ ਅਨੰਦ ਭਰਿਆ ਫਖਰ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਹੇ ਵਾਹਿਗੁਰੂ ਸਿਰਜਣਹਾਰ। ਏਹ ਸ੍ਰਿਸਟੀ ਤੇਰੀ ਹੀ ਸਾਜੀ ਹੋਈ ਹੈ ਅਤੇ ਤੂੰ ਹੀ ਇਸ ਵਿਚਿ ਸਮਾਇ ਰਹਿਆ ਹੈਂ ਪਰੰਤੂ ਤੂੰ ਅਪਣੇ ਗੁਰਮੁਖ ਜਨਾਂ ਨੂੰ ਅਪਣੀ ਕ੍ਰਿਪਾ ਦ੍ਰਿਸ਼ਟੀ ਪ੍ਰਭਾਵ ਕਰਕੇ ਸਚੀ ਵਡਿਆਈ ਦੇਂਵਦਾ ਹੈਂ ਅਤੇ ਸਿਰਿਸ਼ਟੀ ਦੀ ਮੋਹ ਮਮਤਾ ਮਈ ਪੰਕਜੀ ਗਡਨ ਤੋਂ ਆਪੇ ਹੀ ਹੱਥ ਦੇਕੇ ਬਾਹਰ ਕੱਢ ਲੈਂਦਾ ਹੈਂ। ਇਸ ਅਗਨ ਪਾਵਕੀ ਪੰਕਜ ਤੋਂ ਧੂ ਕੇ ਬਾਹਰ ਕਢਣਹਾਰਾ ਕੇਵਲ ਨਿਰੰਕਾਰੀ ਗੁਰੂ ਨਾਨਕ ਹੀ ਹੈ ਜਿਸ ਨੇ ਗੁਰੂ ਜੋਤ ਜਾਮੇ ਧਾਰਕੇ ਸਭ ਸੰਸਾਰ ਨੂੰ ਉਭਾਰਨ ਦਾ ਸਚਾ ਧੁਰਵਾ ਗੁਰਮਤਿ ਨਾਮ ਹੀ ਦ੍ਰਿੜਾਇਆ ਹੈ। ਤਿਨਾਂ ਗੁਰਮੁਖਾਂ ਨੇ ਕੇਵਲ ਏਕ ਟੇਕ ਏਸੇ ਗੁਰਮਤਿ ਨਾਮ ਉਪਰ ਹੀ ਰਖੀ ਹੈ। ਇਹੀ ਨਾਮ ਰੂਪੀ ਸੱਚੀ ਟੇਕ ਅੰਧਲਿਆਂ ਨੂੰ ਉਭਾਰਨ ਲਈ ਸਚੀ ਟੋਹਣੀ ਹੈ ਅੰਧਗਤ ਮੰਦ ਮਤੀ ਸੰਸਾਰੀਆਂ ਨੂੰ ਇਸ ਅੰਧਘੋਰ ਸਾਗਰ ਤੋਂ ਉਭਾਰਕੇ ਨਿਸਤਾਰਨ ਲਈ ਕੇਵਲ ਗੁਰਮਤਿ ਨਾਮ ਦੀ ਟੇਕ ਹੀ ਟਿਕਾਈ ਹੈ। ਅੰਧਲੇ ਅਗਿਆਨੀ ਸੰਸਾਰੀਆਂ ਨੂੰ ਸਚੀ ਸੁਮਤ ਗੁਰਮਤਿ ਦੀ ਦੇਣ ਲਈ ਓਹਨਾਂ ਦੇ ਥਾਉਂ ਆਪਣੇ ਆਪ ਨੂੰ ਨੀਚ ਕਰੰਮਾ ਅੰਧਲਾ ਮੂਰਖ ਹੀ ਸਦਾਇਆ ਪਰ ਕੋਈ ਕੋਈ ਵਡਭਾਗਾ ਜਗਿਆਸੂ ਹੀ ਗੁਰਮਤਿ ਸੁਧਾਰ ਸਚੀ ਪੱਧਰ ਤੇ ਆਇਆ।


# ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ ਪਾਉ

**ਦਮਾਂ, ਸਾਹ ਦਾ ਚੜ੍ਹਨਾ, ਬਲਗਮੀ ਖਾਂਸੀ, ਨਜ਼ਲਾ-ਜ਼ੁਕਾਮ ਕਾਲੀ ਖਾਂਸੀ**

ਦਾ ਪੂਰਾ ਇਲਾਜ ਅਜ਼ਮਾਇਸ਼ੀ ਨੁਸਖਿਆਂ ਨਾਲ ਕੀਤਾ ਜਾਂਦਾ ਹੈ। ਇਸ ਲਈ ਹੁਣ

**ਦਮੇਂ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ**

ਬੜੀ ਖੋਜ ਤੋਂ ਬਾਅਦ ਇਸਦਾ ਇਲਾਜ ਮਿਲ ਗਿਆ ਹੈ ਜਿਹੜਾ ਦਮੇਂ ਨੂੰ ਜੜ੍ਹ ਤੋਂ ਖਤਮ ਕਰ ਦਿੰਦਾ ਹੈ। ਇਕ ਵਾਰ ਜ਼ਰੂਰ **ਅਜ਼ਮਾਉ ਅਤੇ ਤੰਦਰੁਸਤੀ ਹਾਸਲ ਕਰੋ।**

ਹੇਠ ਲਿਖੇ ਪਤੇ ਤੇ ਲਿਖੋ ਜਾਂ ਮਿਲੋ।

ਪਤਾ :—**ਕਟਾਰੀਆ ਸ਼ਫ਼ਾਖਾਨਾ**, ਪੀਲੀ-ਸੜਕ, ਰਾਘੋਮਾਜਰਾ, ਪਟਿਆਲਾ।





www.AKJ.Org

# *** ਕੱਚੀ ਬਾਣੀ ***

* * * * * * * * * * *

( ਵਲੋਂ–ਬੀਬੀ ਕੁਲਦੀਪ ਕੌਰ ਜੀ ਐਮ.ਏ., ਪੰਜਾਬੀ ਯੂਨੀਵਰਸਟੀ, ਪਟਿਆਲਾ )

ਅਨੰਦ ਸਾਹਿਬ ਵਿਚ ਵਰਨਣ ਆਇਆ ਹੈ:—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ।
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ।
ਜਿਨ ਕਉ ਨਦਰਿ ਕਰਮੁ ਹੋਵੈ
ਹਿਰਦੈ ਤਿਨਾ ਸਮਾਣੀ।
ਪੀਵਹੁ ਅੰਮ੍ਰਿਤ ਸਦਾ ਰਹਹੁ ਹਰਿ ਰੰਗਿ
ਜਪਿਹੁ ਸਾਰਿੰਗ ਪਾਣੀ।
ਕਹੈ ਨਾਨਕੁ ਸਦਾ ਗਾਵਹੁ ਏਹ ਸ਼ਚੀ ਬਾਣੀ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।
ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨ ਜਾਣੀ।
ਚਿਤੁ ਜਿਨਕਾ ਹਿਰਿ ਲਇਆ ਮਾਇਆ
ਬੋਲਨਿ ਪਏ ਰਵਾਣੀ।
ਕਹੈ ਨਾਨਕੁ ਸਤਿਗੁਰੁ ਬਾਝਹੁ ਹੋਰ ਕਚੀ ਬਾਣੀ।

ਇਹਨਾਂ ਤੁਕਾਂ ਦੇ ਆਧਾਰ ਤੇ ਕਈ ਵਾਰੀ ਅਸੀਂ ਇਹ ਸੋਚਦੇ ਹਾਂ ਕਿ ਸਿਵਾਏ ਗੁਰਬਾਣੀ ਦੇ ਹੋਰ ਕਿਸੇ ਤਰ੍ਹਾਂ ਦੀ ਕਵਿਤਾ ਆਦਿ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਣਾ ਚਾਹੀਦਾ। ਕਿਸੇ ਵੀ ਵਿਅਕਤੀ ਦੀ ਕੋਈ ਰਚਨਾ ਕੋਈ ਉੱਚ ਸਥਾਨ ਪ੍ਰਾਪਤ ਨਹੀਂ ਕਰ ਸਕਦੀ।

ਜਦੋਂ ਅਸੀਂ ਆਪਣੇ ਪੁਰਾਤਨ ਇਤਿਹਾਸ ਨੂੰ ਵਾਚਦੇ ਹਾਂ, ਗੁਰੂ ਗੋਬਿੰਦ ਸਿੰਘ ਜੀ ਦੀਆਂ ਹਰ ਖੇਤਰ ਵਿੱਚ ਘਾਲੀਆਂ ਘਾਲਣਾਂ ਵੱਲ ਧਿਆਨ ਦੇਂਦੇ ਹਾਂ, ਤਾਂ ਸਾਨੂੰ ਪਤਾ ਲਗਦਾ ਹੈ ਕਿ ਦਸਮ ਪਾਤਸ਼ਾਹ ਨੇ ਆਪਣੇ ਦਰਬਾਰ ਵਿੱਚ 52 ਕਵੀਆਂ ਨੂੰ ਸਰਪ੍ਰਸਤੀ ਦਿੱਤੀ ਹੋਈ ਸੀ। ਇਹਨਾਂ ਕਵੀਆਂ ਵਿੱਚ ਜਿਥੇ ਗੁਰਮਤਿ ਦੇ ਨੇਮਾਂ ਦੀ ਵਿਆਖਿਆ ਕਰਨ ਵਾਲੇ ਅਤੇ ਸਿਖ ਰਹਿਤ-ਮਰਯਾਦਾ ਸੰਬੰਧੀ ਸਹਿਤ-ਰਚਨਾ ਕਰਨ ਵਾਲੇ ਮੌਜੂਦ ਸਨ ਉਥੇ ਫ਼ਾਰਸੀ, ਸੰਸਕ੍ਰਿਤ ਬ੍ਰਿਜ ਭਾਸ਼ਾ ਆਦਿ ਬੋਲੀਆਂ ਦੀਆਂ ਪੁਸਤਕਾਂ ਦਾ ਅਨੁਵਾਦ ਕਰਨ ਵਾਲੇ ਮਹਾਂ ਕਵੀ ਵੀ ਸ਼ਾਮਲ ਸਨ। ਇਤਿਹਾਸ ਸਾਖੀ ਹੈ ਕਿ ਸਾਹਿਤ ਤੇ ਕਲਾ ਦੇ ਕਦਰਦਾਨ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਤਕਾਰਾਂ ਲਈ ਨਾਹਨ ਦੇ ਨੇੜੇ ਇਕ ਬੜਾ ਸੁਰੱਖਿਅਤ ਸਥਾਨ ਚੁਣਿਆ ਸੀ। ਜੰਗੀ ਤਿਆਰੀਆਂ ਲਈ ਅਨੰਦਪੁਰ ਨੂੰ ਗੜ੍ਹ ਦਾ ਰੂਪ ਦਿੱਤਾ ਗਿਆ ਸੀ ਪਰ ਸਾਹਿਤਕਾਰਾਂ ਲਈ ਸੁਰਖਿਅਤ ਤੇ ਇਕਾਂਤ ਸਥਾਨ ਪਾਉਂਟਾ ਸਾਹਿਬ ਬਣਾਇਆ ਗਿਆ। ਇਥੇ ਕਵੀ ਦਰਬਾਰ ਹੁੰਦੇ, ਵਿਦਵਾਨਾਂ ਦੇ ਵਿਚਾਰ-


www.AKJ.Org

ਵਟਾਂਦਰੇ ਹੁੰਦੇ, ਅਤੇ ਕਲਾ ਤੇ ਸਾਹਿਤ ਨੂੰ ਉੱਨਤ ਕਰਨ ਦੇ ਸਭ ਸੰਭਵ ਉਪਰਾਲੇ ਕੀਤੇ ਜਾਂਦੇ ਸਨ। ਗੁਰੂ ਸਾਹਿਬ ਜਿਥੇ ਮਹਾਨ ਸਾਹਿਤਕਾਰ, ਮਹਾਨ ਜੋਧਾ, ਮਹਾਨ ਚਿੰਤਕ, ਮਹਾਨ ਨੇਤਾ ਅਤੇ ਮਹਾਨ ਧਾਰਮਿਕ ਆਗੂ ਸਨ ਉਥੇ ਮਹਾਨ ਸਾਹਿਤ-ਪਾਰਖੂ ਵੀ ਸਨ। ਚੰਗਾ ਸਾਹਿਤ ਰਚਨ ਵਾਲਿਆਂ ਨੂੰ ਉਤਸਾਹਿਤ ਕਰਨ ਲਈ ਆਪ ਕਈ ਸਾਧਨਾਂ ਦੀ ਵਰਤੋਂ ਕੀਤਾ ਕਰਦੇ ਸਨ। ਕਿਹਾ ਜਾਂਦਾ ਹੈ ਕਿ ਉਸ ਸਮੇਂ ਦੇ ਰਾਜਨੀਤਕ ਘੱਲੂਘਾਰਿਆਂ ਦੇ ਕਾਰਨ ਜਿੰਨੇ ਸਾਹਿਤਕ ਗ੍ਰੰਥ ਸਰਸਾ ਨਦੀ ਦੀ ਭੇਟਾ ਹੋਏ ਉਹਨਾਂ ਦਾ ਭਾਰ ਨੌ ਮਣ ਦੇ ਬਰਾਬਰ ਸੀ। ਇਸਤੋਂ ਭਲੀ ਪ੍ਰਕਾਰ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਇੰਨੇ ਵਡੇ ਆਕਾਰ ਵਿੱਚ ਸਾਹਿਤ ਰਚਨਾ ਕੀਤੀ ਤੇ ਕਰਵਾਈ ਅਤੇ ਫਿਰ ਉਸਦੀ ਮਹਾਨਤਾ ਇੰਨੀ ਵਧੇਰੇ ਸਮਝੀ ਕਿ ਹੋਰ ਜ਼ਰੂਰੀ ਵਸਤ-ਵਲੇਵਾ ਪਿੱਛੇ ਛੱਡ ਦਿਤਾ ਪਰ ਸਾਹਿਤਕ ਗ੍ਰੰਥ ਸਾਰੇ ਆਪਣੇ ਨਾਲ ਲਿਜਾਣੇ ਚਾਹੇ।

ਖ਼ੈਰ ਇਸ ਲੇਖ ਦਾ ਮੁਖ ਮਨੋਰਥ ਇਹ ਦੱਸਣਾ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਨਾਲ ਕਿੰਨਾ ਕੁ ਪਿਆਰ ਸੀ। ਭਾਵ ਕੇਵਲ ਇਹ ਹੈ ਕਿ ਆਪ ਨੇ ਗੁਰਬਾਣੀ ਤੋਂ ਛੁੱਟ ਹੋਰ ਸਾਹਿਤਕ ਰਚਨਾਵਾਂ ਨੂੰ ਵੀ ਆਦਰਯੋਗ ਤੇ ਵਡਮੁੱਲਾ ਵਿਰਸਾ ਸਮਝ ਕੇ ਉਚਿਤ ਸਥਾਨ ਦਿੱਤਾ ਅਤੇ ਭਾਰਤ ਦੇ ਸਾਹਿਤ ਭੰਡਾਰ ਵਿਚ ਲਾਸਾਨੀ ਵਾਧਾ ਕੀਤਾ।

ਹੁਣ ਪ੍ਰਸ਼ਨ ਉਠਦਾ ਹੈ ਕਿ ਜੇ ਸਾਹਿਤਕ ਰਚਨਾਵਾਂ ਦਾ ਵੀ ਕੋਈ ਮਹੱਤਵ ਹੈ ਤਾਂ ਗੁਰੂ ਨਾਨਕ ਨੇ ਤੀਜੇ ਜਾਮੇ ਵਿਚ ਆ ਕੇ ਸਿਖਾਂ ਨੂੰ ਕੇਵਲ ਸੱਚੀ ਬਾਣੀ ਦੇ ਗਾਉਣ ਦਾ ਉਪਦੇਸ਼ ਕਿਉਂ ਦਿੱਤਾ? ਅਤੇ ਕੱਚੀ ਬਾਣੀ ਪੜ੍ਹਨ ਤੋਂ ਕਿਉਂ ਰੋਕਿਆ? ਪਰ ਕੀ ਇਹ ਪ੍ਰਸ਼ਨ ਵੀ ਨਾਲ ਹੀ ਨਹੀਂ ਉਪਜ ਪੈਂਦਾ ਕਿ ਦਸਵੇਂ ਗੁਰੂ ਨਾਨਕ ਨੇ 'ਸਤਿਗੁਰੂ ਬਾਝਹੁ' ਹੋਰਨਾਂ ਕਵੀਆਂ ਕੋਲੋਂ ਸਾਹਿਤ ਰਚਨਾ ਕਰਵਾਉਣ ਵੱਲ ਕਿਉਂ ਧਿਆਨ ਦਿੱਤਾ?

ਇਹਨਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਤੋਂ ਪਹਿਲਾਂ ਸਾਨੂੰ 'ਬਾਣੀ' ਸ਼ਬਦ ਦੇ ਅਰਥਾਂ ਤੋਂ ਜਾਣੂ ਹੋਣ ਦੀ ਅਤਿਅੰਤ ਆਵੱਸ਼ਕਤਾ ਹੈ। 'ਬਾਣੀ' ਸ਼ਬਦ ਦਾ ਮੂਲ ਸ੍ਰੋਤ ਸੰਸਕ੍ਰਿਤ ਹੈ। ਸੰਸਕ੍ਰਿਤ ਤੇ ਹਿੰਦੀ ਸਾਹਿਤ ਵਿਚ ਇਸ ਦੀ ਵਰਤੋਂ 'ਬਾਣੀ' ਤੇ 'ਵਾਣੀ' ਦੋ ਰੂਪਾਂ ਵਿਚ ਕੀਤੀ ਹੋਈ ਮਿਲਦੀ ਹੈ। ਇਹਨਾਂ ਦੋ ਸ਼ਬਦਾਂ ਦੇ ਸਹੀ ਅਰਥ ਜਾਨਣ ਲਈ ਸੰਸਕ੍ਰਿਤ ਤੇ ਹਿੰਦੀ ਦੇ ਸ਼ਬਦ-ਕੋਸ਼ਾਂ ਦੀ ਓਟ ਲੈਣੀ ਪੈਂਦੀ ਹੈ। ਇਹਨਾਂ ਸ਼ਬਦ ਕੋਸ਼ਾਂ ਵਿਚੋਂ ਜਦੋਂ ਇਸ ਸ਼ਬਦ ਦੇ ਅਰਥਾਂ ਨੂੰ ਵੇਖੀਏ ਤਾਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਸੰਸਕ੍ਰਿਤ ਜਾਂ ਹਿੰਦੀ ਸਾਹਿਤ ਵਿੱਚ ਬਾਣੀ ਜਾਂ ਵਾਣੀ ਸ਼ਬਦ ਨਿਰੋਲ ਕਾਵਿ-ਰਚਨਾ ਵਾਸਤੇ ਨਹੀਂ ਵਰਤਿਆ ਗਿਆ ਸਗੋਂ ਇਸਦਾ ਖੇਤਰ ਬੜਾ ਵਿਸ਼ਾਲ ਹੁੰਦਾ ਸੀ, ਪਰ ਸਿਖ ਸਾਹਿਤਕ ਪਰੰਪਰਾ ਵਿਚ ਬਾਣੀ ਅਤੇ ਗੁਰੂ ਕਾਵਿ ਨੂੰ ਸਮਾਨ-ਅਰਥ ਸਮਝਿਆ ਜਾਣ ਲੱਗ ਪਿਆ ਸੀ।

ਸੰਸਕ੍ਰਿਤ ਸ਼ਬਦਾਰਥ-ਕੋਸ਼ਤੁਭ (ਕ੍ਰਿਤ ਚਤੁਰ ਵੇਦੀ ਦ੍ਵਾਰਕਾ ਪ੍ਰਸਾਦ ਸ਼ਰਮਾ) ਵਿੱਚ 'ਵਾਣੀ' ਸ਼ਬਦ ਦੇ ਇਸ ਤਰ੍ਹਾਂ ਅਰਥ ਦਸੇ ਹਨ: ਵਚਨ, ਸ਼ਬਦ, ਭਾਸ਼ਾ ਵਾਚ ਸ਼ਕਤੀ, ਧ੍ਵਨੀ ਸ੍ਵਰ, ਸਾਹਿਤਕ ਨਿਬੰਧ, ਪ੍ਰਸੰਸਾ ਸਰਸਵਤੀ ਦੇਵੀ।

ਭਾਰਗਵ ਆਦਰਸ਼ ਹਿੰਦੀ ਸ਼ਬਦ ਕੋਸ਼ (ਪੰਡਤ ਰਾਮ ਚੰਦਰ ਪਾਠਕ ਬੀ.ਏ.) ਵਿੱਚ 'ਬਾਣੀ'



www.AKJ.Org

ਸ਼ਬਦ ਦੇ ਅਰਥ ਦਸਦਿਆਂ ਹੋਇਆਂ ਲਿਖਿਆ ਹੈ :

'ਮੁਖ ਸੇ ਨਿਕਾਲਾ ਹੂਆ ਸ਼ਬਦ, ਵਚਨ, ਪ੍ਰਤਿਗਿਆ, ਸਰਸਵਤੀ, ਆਭਾ, ਚਮਕ, ਸਾਧੂ ਮਹਾਤਮਾ ਕਾ ਉਪਦੇਸ਼।'

ਸੋ ਸਪਸ਼ਟ ਹੈ ਕਿ ਪੰਡਤ ਰਾਮ ਚੰਦਰ ਪਾਠਕ ਦੇ ਵਿਚਾਰ ਅਨੁਸਾਰ 'ਬਾਣੀ' ਕੋਈ ਸਾਧਾਰਣ ਰਚਨਾ ਨਹੀਂ ਹੁੰਦੀ; ਇਸਦਾ ਸੰਬੰਧ ਮਹਾਨ ਆਤਮਾਵਾਂ ਨਾਲ ਹੁੰਦਾ ਹੈ। ਇਸਦੇ ਵਿੱਚ ਕਿਸੇ ਵਚਨ, ਕਿਸੇ ਪ੍ਰਤਿਗਿਆ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸਦੀ ਆਭਾ ਅਨੋਖੀ ਹੁੰਦੀ ਹੈ; ਇਸ ਨੂੰ ਸੱਚ ਦੀ ਦੇਵੀ ਸਰਸਵਤੀ ਨਾਲ ਤੁਲਨਾ ਦਿੱਤੀ ਜਾਂਦੀ ਹੈ। ਇਹ ਜਿਗਿਆਸੂ ਜੀਵਾਂ ਪ੍ਰਤੀ ਸਾਧੂ ਮਹਾਤਮਾਵਾਂ ਦੇ ਉਪਦੇਸ਼ਾਂ ਦਾ ਰੂਪ ਧਾਰਦੀ ਹੈ।

ਡਾਕਟਰ ਰਾਮ ਚੰਦਰ ਸ਼ੁਕਲ ਨੇ 'ਭਾਸ਼ਾ ਸ਼ਬਦ ਕੋਸ਼' ਵਿੱਚ 'ਵਾਣੀ' ਤੇ 'ਬਾਣੀ' ਦੋ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ; ਜਿਨ੍ਹਾਂ ਦੇ ਅਰਥ ਉਹਨਾਂ ਨੇ ਇਸ ਪ੍ਰਕਾਰ ਦੱਸੇ ਹਨ :

ਵਾਣੀ–ਸਰਸਵਤੀ, ਗਿਰਾ, ਵਚਨ, ਮੁਖ ਸੇ ਕਹੇ ਸਾਰਥਿਕ ਸ਼ਬਦ।

ਬਾਣੀ–(ਸੰਤ ਬਾਣੀ) ਸਰਸਵਤੀ, ਭਾਸ਼ਾ, ਗਿਰਾ, ਜਿਹਬਾ, ਬੋਲੀ, ਵਾਕ।

ਮੁਕੰਦ ਲਾਲ ਸ੍ਰੀ ਵਾਸਤਵ ਨੇ 'ਗਿਆਨ ਸ਼ਬਦ ਕੋਸ਼' ਵਿਚ 'ਬਾਣੀ' ਨੂੰ 'ਦੇਵ ਬਾਣੀ' ਦਾ ਨਾਂ ਦਿੱਤਾ ਹੈ।

ਉਪਰੋਕਤ ਵਰਣਨ ਕੀਤੇ ਸ਼ਬਦ ਕੋਸ਼ਾਂ ਵਿਚਲੇ ਅਰਥਾਂ ਤੋਂ ਪਤਾ ਲਗਦਾ ਹੈ ਕਿ ਬਾਣੀ ਸ਼ਬਦ ਦੇ ਅਰਥ ਦੋ ਤਰ੍ਹਾਂ ਦੇ ਲਏ ਜਾਂਦੇ ਹਨ। ਇਕ ਤਾਂ ਇਸ ਦਾ ਭਾਵ ਹੈ–ਬੋਲੀ, ਸਾਰਥਿਕ ਸ਼ਬਦ, ਦੂਸਰੇ ਇਹ ਉਹਨਾਂ ਸ਼ਬਦਾਂ ਦੀ ਸੂਚਕ ਹੈ ਜਿਨ੍ਹਾਂ ਵਿਚੋਂ ਕੋਈ ਸੱਚ ਪ੍ਰਗਟ ਹੋ ਰਿਹਾ ਹੋਵੇ। ਸਰਸਵਤੀ ਦਾ ਸੰਬੰਧ ਸੱਤ ਨਾਲ ਜੋੜਿਆ ਜਾਂਦਾ ਹੈ। ਸੱਤ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਹੀ ਸਰਸਵਤੀ ਨਾਲ ਸਬੰਧਿਤ ਹੋ ਸਕਦਾ ਹੈ। ਸੋ ਬਾਣੀ ਆਮ ਬੋਲ ਨਹੀਂ ਸਗੋਂ ਇਹ ਸੱਤਯ ਬੋਲ ਨੂੰ ਪ੍ਰਗਟ ਕਰਦੀ ਹੈ। ਇਸ ਵਿੱਚ ਕਿਸੇ ਤਰ੍ਹਾਂ ਦੇ ਨਾਦ, ਧੁਨੀ ਤੇ ਪ੍ਰਸੰਸਾ ਦੀ ਹੋਂਦ ਵੀ ਜ਼ਰੂਰੀ ਹੈ। ਨਿੰਦਾ ਵਾਚਕ ਸ਼ਬਦ ਜਾਂ ਖਰ੍ਹਵੇ ਬੋਲ ਬਾਣੀ ਦੀ ਪਦਵੀ ਪ੍ਰਾਪਤ ਨਹੀਂ ਕਰ ਸਕਦੇ।

ਬਾਣੀ ਸ਼ਬਦ ਦਾ ਇਕ ਹੋਰ ਸਰੂਪ ਜੋ ਬਾਣੀ ਨੂੰ ਆਮ ਬੋਲ ਨਾਲੋਂ ਨਿਖੇੜਦਾ ਹੈ ਉਹ ਹੈ ਇਸਦਾ ਉਪਦੇਸ਼ਾਤਮਕ ਸਰੂਪ। ਸ਼ਬਦ ਕੋਸ਼ਾਂ ਵਿਚ ਕਈ ਥਾਈਂ ਇਸਨੂੰ ਸੰਤ ਬਾਣੀ, ਦੇਵ ਬਾਣੀ ਜਾਂ ਸਾਧੂ ਮਹਾਤਮਾ ਦਾ ਉਪਦੇਸ਼ ਵੀ ਆਖਿਆ ਗਿਆ ਹੈ। ਇਹ ਉਪਦੇਸ਼ ਕਵਿਤਾ ਵਿੱਚ ਹੁੰਦਾ ਹੈ ਜਾਂ ਵਾਰਤਕ ਵਿੱਚ ਇਸ ਬਾਰੇ ਕੋਈ ਸੰਕੇਤ ਨਹੀਂ ਮਿਲਦਾ ਪਰ ਇਹ ਤਾਂ ਸਪਸ਼ਟ ਹੈ ਕਿ ਬਾਣੀ ਭਾਵੇਂ ਸ਼ਬਦ, ਵਚਨ, ਵਾਕ ਰਚਨਾ ਤੇ ਸਾਰਥਿਕ ਸ਼ਬਦ ਦਾ ਰੂਪ ਹੀ ਹੁੰਦੀ ਹੈ ਪਰ ਇਸ ਦਾ ਸੰਬੰਧ ਉੱਚ ਆਤਮਾਵਾਂ ਨਾਲ ਹੀ ਹੋ ਸਕਦਾ ਹੈ ਜੋ ਜਾਂ ਤੇ ਜਸ ਗਾਉਂਦੇ ਹਨ ਤੇ ਜਾਂ ਉਪਦੇਸ਼ ਦੇਂਦੇ ਹਨ। ਇਸ ਨੂੰ ਇਕ ਸਾਧਾਰਣ ਮਨੁਖ ਦੀ ਭਾਸ਼ਾ ਜਾਂ ਰਚਨਾ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ।

ਸਿਖ ਸਾਹਿਤਕ ਪਰੰਪਰਾ ਵਿੱਚ ਬਾਣੀ ਸ਼ਬਦ ਦੇ ਅਰਥ ਵੇਖਣ ਲਈ ਸਾਡੇ ਕੋਲ ਮਹਾਨ ਕੋਸ਼ ਕ੍ਰਿਤ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਹੈ। ਭਾਈ ਸਾਹਿਬ ਨੇ ਇਸ ਕੋਸ਼ ਵਿਚ ਕੇਵਲ ਬਾਣੀ ਸ਼ਬਦ ਦੇ ਅਰਥ ਦੱਸਣ ਦੀ ਲੋੜ ਨਹੀਂ ਸਮਝੀ


www.AKJ.Org

ਸਗੋਂ 'ਸੱਚੀ ਬਾਣੀ' ਤੇ 'ਕੱਚੀ ਬਾਣੀ' ਦੀ ਅਰਥਾਵਲੀ ਦਿਤੀ ਹੈ ਅਤੇ ਹਥਲੇ ਵਿਸ਼ੇ ਲਈ ਇਹਨਾਂ ਪਦਾਂ ਦੀ ਵਿਆਖਿਆ ਦੀ ਹੀ ਵਧੇਰੇ ਲੋੜ ਹੈ।

ਸੱਚੀ ਬਾਣੀ ਦੇ ਅਰਥ ਦੱਸਦਿਆਂ ਹੋਇਆਂ ਆਪ ਲਿਖਦੇ ਹਨ 'ਸਤਯ ਦਾ ਪ੍ਰਕਾਸ਼ ਕਰਨ ਵਾਲੀ ਬਾਣੀ,ਅਸਤੱਯ ਰਹਿਤ ਸਤਯ ਰੂਪ ਬਾਣੀ,ਗੁਰਬਾਣੀ'

ਕੱਚੀ ਬਾਣੀ ਕਿਹੜੀ ਹੈ ? ਇਸ ਬਾਰੇ ਆਪ ਨੇ ਲਿਖਿਆ ਹੈ : ਅਮਲ ਤੋਂ ਬਿਨਾਂ ਕੇਵਲ ਵਾਕਯ ਰਚਨਾ; ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦੇ ਵਿਰੁਧ ਬਾਣੀ।

ਭਾਈ ਸਾਹਿਬ ਜੀ ਨੇ ਭਾਵੇਂ ਬਾਣੀ ਸ਼ਬਦ ਦੇ ਅਰਥ ਵੱਖਰੇ ਕਰਕੇ ਨਹੀਂ ਲਿਖੇ ਪਰ ਉਹਨਾਂ ਨੇ ਸੱਚੀ ਬਾਣੀ ਤੇ ਕੱਚੀ ਬਾਣੀ ਬਾਰੇ ਜੋ ਕੁਝ ਦਸਿਆ ਹੈ ਉਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਬਾਣੀ' ਦਾ ਸੰਬੰਧ ਅਵੱਸ਼ ਹੀ ਸੰਤ ਜਾਂ ਸਾਧ ਰੂਪ ਵਿਅਕਤੀਆਂ ਨਾਲ ਹੁੰਦਾ ਹੈ। 'ਸੱਚੀ ਬਾਣੀ' ਉਹਨਾਂ ਸੰਤ ਵਿਅਕਤੀਆਂ ਦੀ ਹੋਵੇਗੀ ਜਿਨ੍ਹਾਂ ਨੇ ਸੱਤਯ ਨੂੰ ਪਛਾਣਿਆ ਤੇ ਸੱਤਯ ਨੂੰ ਹਿਰਦੇ ਵਿਚ ਵਸਾ ਕੇ ਸੱਤਯ ਰੂਪ ਨੂੰ ਪ੍ਰਾਪਤ ਕੀਤਾ ਹੋਵੇ। ਅਜੇਹੇ ਸੱਤਯ ਸਰੂਪ ਸੰਤ ਸਤਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਇਸ ਲਈ ਉਹਨਾਂ ਦੀ ਬਾਣੀ ਹੀ ਸੱਚੀ ਬਾਣੀ ਹੈ। ਇਸ ਦੇ ਉਲਟ ਜੋ ਵਿਅਕਤੀ ਆਪਣੇ ਆਪ ਨੂੰ ਸੰਤ ਕਹਿੰਦੇ ਹਨ ਅਤੇ ਗੁਰੂ ਸਮਾਨ ਪੂਜਾ ਤਾਂ ਕਰਵਾਉਂਦੇ ਹਨ ਪਰ ਸੱਤਯ ਨੂੰ ਉਹਨਾਂ ਨੇ ਹਿਰਦੇ ਵਿੱਚ ਨਹੀਂ ਵਸਾਇਆ ਅਤੇ ਸੱਤਯ ਦੀ ਘਾਲਣਾਂ ਨਹੀਂ ਘਾਲੀ, ਉਹਨਾਂ ਦੀ ਬਾਣੀ ਅਮਲੋਂ ਸੱਖਣੀ ਹੋਣ ਕਰਕੇ 'ਕੱਚੀ ਬਾਣੀ' ਅਖਵਾਉਂਦੀ ਹੈ। ਅਜੇਹੇ ਵਿਅਕਤੀ ਆਪਣੀ ਮਨੋਰਥ ਸਿਧੀ ਲਈ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦੇ ਉਲਟ ਗੱਲਾਂ ਕਰਨ ਲੱਗ ਪੈਂਦੇ ਹਨ; ਜਿਸ ਕਰਕੇ ਉਹਨਾਂ ਦੀ ਬਾਣੀ ਸਿਖਾਂ ਨੂੰ ਸਹੀ ਰਾਹ ਦਰਸਾਉਣ ਦੀ ਥਾਂ ਕੁਰਾਹੇ ਪਾ ਸਕਦੀ ਹੈ।

ਸਿਖ ਸਾਹਿਤਕ ਇਤਿਹਾਸ ਦਾ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰਗੱਦੀ ਦੇ ਵਾਰਸ ਭਾਈ ਲਹਿਣਾ ਜੀ ਨੂੰ ਬਣਾਇਆ ਤਾਂ ਨਾਨਕ ਗੁਰੂ ਪ੍ਰਣਾਲੀ ਦੇ ਨਾਲ ਨਾਲ ਇਕ ਹੋਰ ਗੁਰ ਪ੍ਰਣਾਲੀ ਵੀ ਅਰੰਭ ਹੋ ਗਈ ਸੀ ਕਿਉਂਕਿ ਗੁਰਗੱਦੀ ਨੂੰ ਵੀ ਹੋਰ ਸੰਸਾਰਕ ਪੂੰਜੀ ਵਾਂਗ ਖ਼ਾਨਦਾਨੀ ਵਿਰਾਸਤ ਸਮਝਕੇ ਸੰਭਾਲਣ ਦੇ ਯਤਨ ਹੋਣ ਲੱਗ ਪਏ ਸਨ। ਇਸ ਪ੍ਰਣਾਲੀ ਦੇ ਅਖੌਤੀ ਗੁਰੂਆਂ ਨੇ ਨਾਨਕ ਨਾਮ ਬਾਣੀ ਉਚਾਰਣ ਕਰਨੀ ਆਰੰਭ ਕਰਨੀ ਆਰੰਭ ਕਰ ਦਿੱਤੀ ਸੀ। ਜਿਸਤੋਂ ਕਈ ਸਿੱਖ ਭੁਲੇਖਾ ਖਾਣ ਲੱਗ ਪਏ ਸਨ। ਇਥੇ ਇਹ ਦੱਸ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਨਾਨਕ ਨਾਮ ਥਲੇ ਉਚਾਰੀ ਜਾ ਰਹੀ ਬਾਣੀ ਕੇਵਲ ਉਹਨਾਂ ਵਲੋਂ ਹੀ ਨਹੀਂ ਸੀ ਰਚੀ ਜਾ ਰਹੀ ਜਿਹੜੇ ਆਪਣੇ ਆਪ ਨੂੰ ਗੁਰੂ ਸਮਝਦੇ ਹਨ; ਸਗੋਂ ਕਈ ਵਾਰੀ ਕਈ ਸਿੱਖ ਵੀ ਅਨਸਮਤੀ ਵਿਚਾਰਾਂ ਦੇ ਪ੍ਰਭਾਵ ਹੇਠ ਆਪਣੀਆਂ ਰਹੁ ਰੀਤਾਂ ਨੂੰ ਸਹੀ ਸਿੱਧ ਕਰਨ ਲਈ ਨਾਨਕ ਨਾਮ ਥੱਲੇ ਕਵਿਤਾ ਰਚਦੇ ਅਤੇ ਆਪਣੇ ਮਾਰਗ ਨੂੰ ਗੁਰੂ ਨਾਨਕ ਵਲੋਂ ਦੱਸਿਆ ਹੋਇਆ ਮਾਰਗ ਸਿੱਧ ਕਰਦੇ ਸਨ। ਉਦਾਹਰਣ ਵਜੋਂ, ਪ੍ਰਾਣ ਸੰਗਲੀ ਨੂੰ ਹੀ ਵੇਖੋ। ਇਸ ਵਿੱਚ ਬਹੁਤ ਸਾਰੀ ਬਾਣੀ ਨਾਨਕ ਨਾਮ ਥੱਲੇ ਲਿਖੀ ਹੋਈ ਮਿਲਦੀ ਹੈ ਪਰ ਸਿਧਾਂਤਕ ਪੱਖ ਤੋਂ ਇਸਦੇ ਬਹੁਤੇ


www.AKJ.Org

ਵਿਚਾਰ ਗੁਰੂ ਨਾਨਕ ਵਿਚਾਰ ਧਾਰਾ ਦੇ ਵਿਰੋਧੀ ਹਨ। ਗੁਰੂ ਅਮਰਦਾਸ ਜੀ ਦੇ ਸਮੇਂ ਤਕ ਪ੍ਰਾਣ-ਸੰਗਲੀ ਵਰਗੀਆਂ ਪਤਾ ਨਹੀਂ ਕਿੰਨੀਆਂ ਕੁ ਰਚਨਾਵਾਂ ਮੌਜੂਦ ਹੋਣਗੀਆਂ ਜਿਨ੍ਹਾਂ ਰਾਹੀਂ ਗੁਟ-ਸਿਖਾਂ ਦੇ ਟੱਪਲਾ ਖਾ ਕੇ ਫਿਰ ਕੁਰਾਹੇ ਪੈਣ ਦਾ ਡਰ ਅਨੁਭਵ ਕਰਕੇ ਹੀ ਗੁਰੂ ਅਮਰਦਾਸ ਜੀ ਨੇ ਅਜੇਹੀ ਬਾਣੀ ਨੂੰ ਕੱਚੀ ਬਾਣੀ ਕਹਿ ਕੇ ਸਿਖਾਂ ਨੂੰ ਉਸ ਦੇ ਪੜ੍ਹਨ ਤੇ ਮੰਨਣ ਤੋਂ ਰੋਕਿਆ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਇਹਨਾਂ ਰਚਨਾਵਾਂ ਦੀ ਗਿਣਤੀ ਬਹੁਤ ਵਧ ਚੁਕੀ ਸੀ ਅਤੇ ਸਾਧਾਰਣ ਸਿਖ ਉਹਨਾਂ ਤੋਂ ਭੁਲੇਖਾ ਖਾਣ ਲੱਗ ਪਏ ਸਨ ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਵਿਅਕਤੀਆਂ ਦੀ ਬਾਣੀ ਅਤੇ ਗੁਰ ਆਸ਼ੇ ਨਾਲ ਮੇਲ ਖਾਂਦੀ ਭਗਤਾਂ, ਭੱਟਾਂ ਆਦਿ ਦੀ ਬਾਣੀ ਨੂੰ ਇੱਕਤ੍ਰਿਤ ਕਰ ਕੇ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ ਅਤੇ ਸਾਰੀ ਬਾਣੀ ਨੂੰ ਇਕ ਤਰ੍ਹਾਂ ਨਾਲ ਮੋਹਰਬੰਦ ਕਰ ਦਿਤਾ ਤਾਂ ਜੋ ਅਖੌਤੀ ਗੁਰੂ ਜਾਂ ਹੋਰ ਭੁੱਲੜ ਵਿਅਕਤੀ ਸਿੱਖਾਂ ਨੂੰ ਕੁਰਾਹੇ ਨਾ ਪਾ ਸਕਣ।

ਸੋ ਸਿੱਧ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਆਈ ਬਾਣੀ ਹੀ ਸੱਚੀ ਬਾਣੀ ਹੈ ਅਤੇ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ ਹੋਰ ਵਿਅਕਤੀਆਂ ਦੀ ਬਾਣੀ ਕੱਚੀ ਬਾਣੀ ਹੈ। ਅਜੇਹੀ ਕੱਚੀ ਬਾਣੀ ਦੀ ਰਚਨਾ ਅਜ ਵੀ ਕੋਈ ਘੱਟ ਨਹੀਂ ਕੀਤੀ ਜਾਂਦੀ। ਅਜ ਵੀ ਕਈ ਗੁਰੂ ਪ੍ਰਣਾਲੀਆਂ ਚਲ ਰਹੀਆਂ ਹਨ ਜੋ ਆਪਣੇ ਆਪ ਨੂੰ ਗੁਰੂ ਨਾਨਕ ਨਾਲ ਹੀ ਸੰਬੰਧਤ ਕਰਦੀਆਂ ਹਨ। ਕਈ 'ਸੰਤ' 'ਮਹਾਤਮਾ' ਆਪਣੇ ਆਪ ਨੂੰ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਦਸਦੇ ਅਤੇ ਆਪ ਬਾਣੀ ਰਚਕੇ ਆਪਣਾ ਮਨੋਰਥ ਪੂਰਾ ਕਰਦੇ ਹਨ। ਅਜੇਹੇ ਅਖੌਤੀ ਗੁਰੂਆਂ ਦੀ ਬਾਣੀ ਨੂੰ ਅਵੱਸ਼ ਹੀ ਕੱਚੀ ਬਾਣੀ ਕਿਹਾ ਜਾਣਾ ਚਾਹੀਦਾ ਹੈ।

ਕੱਚੀ ਬਾਣੀ ਬਾਰੇ ਗੁਰੂ ਅਮਰਦਾਸ ਜੀ ਦੇ ਕਥਨ ਦਾ ਸਪਸ਼ਟੀਕਰਣ ਕਰਨਾ ਵੀ ਅਨੁਚਿਤ ਨਹੀਂ ਹੋਵੇਗਾ। ਆਪ ਜੀ ਨੇ ਸਾਨੂੰ ਚੰਗੀ ਤਰ੍ਹਾਂ ਚੇਤਾਵਨੀ ਕਰਾਈ ਹੈ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।<br>
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।<br>
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।<br>
ਹਰਿ ਹਰਿ ਨਿਤ ਕਰਹਿ ਰਸਨਾ<br>
ਕਹਿਆ ਕਛੂ ਨਾ ਜਾਣੀ।<br>
ਚਿਤੁ ਜਿਨਕਾ ਹਿਰਿ ਲਇਆ ਮਾਇਆ<br>
ਬੋਲਨਿ ਪਏ ਰਵਾਣੀ।<br>
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।

ਉਪਰੋਕਤ ਪਉੜੀ ਵਿੱਚ ਸਪਸ਼ਟ ਸ਼ਬਦਾਂ ਵਿਚ ਦਸਿਆ ਗਿਆ ਹੈ ਕਿ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ (ਅਖੌਤੀ ਗੁਰੂ) ਦੀ ਰਚੀ ਹੋਈ ਬਾਣੀ ਸਾਰੀ ਕੱਚੀ ਹੀ ਹੈ। ਇਸਦੇ ਉਚਾਰਣ ਕਰਨ ਵਾਲੇ ਵੀ ਕਚੇ ਹੀ ਹਨ ਅਰਥਾਤ ਸਚਿਆਰ ਪੁਰਸ਼ ਨਹੀਂ ਹਨ ਅਤੇ ਇਸਨੂੰ ਸੁਣਨ ਵਾਲੇ ਵੀ ਕੱਚੇ ਹਨ ਅਤੇ ਇਸ ਵਿਚ ਉਪਦੇਸ਼ ਵੀ ਕੱਚਾ ਹੀ ਹੈ। ਇਹਨਾਂ ਕਚਿਆਂ ਦੀ ਕਚਿਆਈ ਬਾਰੇ ਇਸ ਤਰ੍ਹਾਂ ਆਖਿਆ ਗਿਆ ਹੈ :

ਮੂੰਹੋਂ ਤਾਂ ਇਹ ਹਰਿ ਹਰਿ ਕਰਦੇ ਅਰਥਾਤ ਨਾਮ ਦਾ ਉਚਾਰਣ ਕਰਦੇ ਹਨ ਪਰ ਜੋ ਕੁਝ ਇਹ ਕਹਿ ਰਹੇ ਹੁੰਦੇ ਹਨ ਉਸਦੀ ਸੋਝੀ ਇਹਨਾਂ ਨੂੰ ਮੂਲੋਂ ਹੀਂ ਨਹੀਂ ਹੁੰਦੀ ਅਰਥਾਤ ਨਾਮ ਦੇ ਰਸ ਨੂੰ ਇਹ ਲੋਕ ਨਹੀਂ ਜਾਣਦੇ। (ਤੋਤੇ ਵਾਂਗ ਹੀ ਰੱਟ ਲਾਈ ਜਾਂਦੇ ਹਨ) ਨਾਮ-ਰਸ ਦਾ ਇਹਨਾਂ ਨੂੰ ਪਤਾ ਵੀ ਕਿਵੇਂ ਹੋ ਸਕਦਾ ਹੈ? ਕਿਉਂਕਿ ਜਿਨ੍ਹਾਂ ਦਾ ਚਿਤ


www.AKJ.Org

ਮਾਇਆ-ਜਾਲ ਵਿਚ ਉਲਝਿਆ ਹੋਇਆ ਹੋਵੇ ਉਹ ਸੱਚਾ ਬੋਲ ਨਹੀਂ ਬੋਲ ਸਕਦੇ, ਵਿਅਰਥ ਗੱਲਾਂ ਹੀ ਕਰਦੇ ਹਨ। ਇਸੇ ਲਈ ਅੰਤ ਵਿਚ ਗੁਰੂ ਸਾਹਿਬ ਨੇ ਫਿਰ ਚੇਤਾਵਨੀ ਕਰਾਈ ਕਿ ਹੇ ਸਿਖੋ, ਕਿਤੇ ਅਜੇਹੇ ਮਾਇਆ ਜਾਲ ਵਿਚ ਫਸੇ, ਨਾਮ-ਰਸ ਤੋਂ ਸੱਖਣੇ ਅਖੌਤੀ ਗੁਰੂਆਂ ਦੀ ਬਾਣੀ ਦੀ ਟੇਕ ਲੈਣ ਦਾ ਯਤਨ ਨਾ ਕਰਨਾ ਕਿਉਂਕਿ ਇਹ ਬਾਣੀ ਕੱਚੀ ਹੈ, ਕੇਵਲ ਸੱਚੇ ਗੁਰੂ ਦੀ ਰਚੀ ਹੋਈ ਬਾਣੀ ਹੀ ਸੱਚੀ ਬਾਣੀ ਹੈ।

ਸਪਸ਼ਟ ਹੈ ਕਿ ਗੁਰੂ ਅਮਰਦਾਸ ਜੀ ਦੇ ਸਾਹਮਣੇ ਵੀ ਉਸ ਵੇਲੇ ਗੁਰਮਤ ਵਿਰੋਧੀ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਲੀ ਅਖੌਤੀ ਗੁਰੂਆਂ ਦੀ ਬਾਣੀ ਹੀ ਸੀ ਜਿਸ ਤੋਂ ਬਚ ਕੇ ਰਹਿਣ ਦੀ ਚੇਤਾਵਨੀ ਕਰਾਉਣ ਦੀ ਲੋੜ ਅਨੁਭਵ ਕਰਦਿਆਂ ਹੋਇਆਂ ਆਪ ਨੇ 'ਅਨੰਦ ਸਾਹਿਬ' ਵਿਚ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ।

ਗੁਰੂ ਰਾਮਦਾਸ ਜੀ ਨੇ ਵੀ 'ਗਉੜੀ ਦੀ ਵਾਰ' ਵਿਚ ਅਜੇਹੀ ਕੱਚੀ ਬਾਣੀ ਵੱਲ ਥਾਂ ਥਾਂ ਇਸ਼ਾਰੇ ਦਿੱਤੇ ਹਨ ਅਤੇ ਨਿੰਦਕਾਂ ਤੇ ਮਨਮੁਖਾਂ ਦੀ ਅਜੇਹੀ ਬਾਣੀ ਦੀ ਥਾਂ ਸੱਚੇ ਸਤਿਗੁਰੂ ਦੀ ਸੱਚੀ ਬਾਣੀ ਪੜ੍ਹਨ ਲਈ ਉਪਦੇਸ਼ ਦਿੱਤਾ ਹੈ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ,
ਗੁਰਸਿਖਹੁ,ਹਰਿ ਕਰਤਾ ਆਪ ਮੁਹਹੁ ਕਢਾਏ ॥

ਇਸੇ ਵਾਰ ਦੀ ਪਉੜੀ ਨੰ: ੯ ਵਿਚ ਵੀ ਸੱਚੀ ਤੇ ਕੱਚੀ ਬਾਣੀ ਨਿਖੇੜਾ ਕਰਨ ਲਈ ਫੁਰਮਾਇਆ ਗਿਆ ਹੈ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ,
ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸ ਹੋਰਿ ਕਚੁ ਪਿਚੁ ਬੋਲਦੇ,
ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ,
ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥

ਸਪਸ਼ਟ ਹੈ ਕਿ ਗੁਰੂ ਰਾਮਦਾਸ ਜੀ ਨੇ ਸਤਿਗੁਰ ਦੀ ਰੀਸ ਨਾਲ ਕਚ ਪਿਚ ਬੋਲਣ ਵਾਲੇ ਕੂੜਿਆਰਾਂ ਦੀ ਬਾਣੀ ਦੀ ਨਿਖੇਧੀ ਕੀਤੀ ਹੈ। ਇਹਨਾਂ ਕੂੜਿਆਰਾਂ ਦੀ ਬਾਣੀ ਹੀ ਕੱਚੀ ਬਾਣੀ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ 'ਕੱਚੀ ਬਾਣੀ' ਸ਼ਬਦ ਦੀ ਵਰਤੋਂ ਹੋਰ ਸਾਹਿਤਕ ਰਚਨਾਵਾਂ ਵਾਸਤੇ ਨਹੀਂ ਕੀਤੀ ਜਾ ਸਕਦੀ। ਵਿਦਵਾਨ ਅਤੇ ਵਿਚਾਰਵਾਨ ਕਵੀ ਜੀਵਨ ਦੇ ਲਗ ਭਗ ਹਰ ਪੱਖ ਨਾਲ ਸੰਬੰਧਿਤ ਕਵਿਤਾਵਾਂ ਰਚਦੇ ਹਨ। ਉਹਨਾਂ ਦਾ ਸਾਹਿਤਕ ਮੁੱਲ ਵੀ ਹੁੰਦਾ ਹੈ ਅਤੇ ਕਈ ਵਾਰੀ ਉਹ ਸਾਡੇ ਸੰਸਾਰਕ ਜੀਵਨ ਦੀਆਂ ਗੁੰਝਲਾਂ ਖੋਲ੍ਹ ਕੇ ਜੀਵਨ ਨੂੰ ਸੁਖਾਵਾਂ ਬਣਾਉਣ ਵਿਚ ਵੀ ਸਹਾਈ ਹੁੰਦੀਆਂ ਹਨ। ਇਹਨਾਂ ਕਵਿਤਾਵਾਂ ਦਾ ਆਪਣਾ ਮਹੱਤਵ ਹੁੰਦਾ ਹੈ। ਜੇ ਕੋਈ ਕਵੀ ਗੁਰੂ ਸਾਹਿਬਾਂ ਦੇ ਜੀਵਨ ਉਦੇਸ਼ਾਂ ਨੂੰ ਮਹਾਂ ਕਾਵਿ ਦੇ ਰੂਪ ਵਿਚ ਦਰਸਾਉਂਦਾ ਤੇ ਪਾਠਕਾਂ ਦੇ ਮਨਾਂ ਵਿਚ ਸ਼ਰਧਾ ਉਪਜਾਉਂਦਾ ਹੈ ਤਾਂ ਕੀ ਉਸ ਮਹਾਂ ਕਾਵਿ ਨੂੰ 'ਕੱਚੀ ਬਾਣੀ' ਦਾ ਨਾਂ ਦੇ ਕੇ ਨਿੰਦਣਾ ਉਚਿਤ ਹੋਵੇਗਾ? ਭਾਈ ਵੀਰ ਸਿੰਘ ਦੇ ਰਚੇ ਹੋਏ ਮਹਾਂਕਾਵਿ 'ਰਾਣਾ ਸੂਰਤ ਸਿੰਘ' ਵਿਚ ਗੁਰਮਤਿ-ਸਿਧਾਂਤਾਂ ਦੀ ਅਤਿ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਹੋਈ ਮਿਲਦੀ ਹੈ, ਕਿਉਂਕਿ ਇਹ ਰਚਨਾ ਗੁਰੂ ਸਾਹਿਬ ਦੀ ਨਹੀਂ ਸਗੋਂ ਕਿਸੇ ਹੋਰ ਕਵੀ ਦੀ ਹੈ ਇਸ ਲਈ ਕੀ ਅਸੀਂ ਇਸ ਰਚਨਾ ਤੋਂ ਲਾਭ ਪ੍ਰਾਪਤ ਕਰਨ ਦਾ*


www.AKJ.Org

# * ਰਹਿਤਾਂ *

* * * * * * * *

( ਵਲੋਂ–ਪ੍ਰਿੰਸੀਪਲ ਮੇਹਰ ਸਿੰਘ ਜੀ, ਰੇਸਕੋਰਸ, ਡੇਹਰਾਦੂਨ )

ਇਸ ਤੋਂ ਪਹਿਲੋਂ ਕਿ ਗੁਰਸਿਖੀ ਬਾਣੇ ਦੀਆਂ ਰਹਿਤਾਂ ਦਾ ਵਰਨਣ ਕੀਤਾ ਜਾਵੇ ਇਹ ਜ਼ਰੂਰੀ ਹੈ ਕਿ ਕੁਝ ਕੇਸਾਂ ਦੇ ਬਾਰੇ ਦਸਿਆ ਜਾਵੇ ਕਿ ਪੁਰਾਤਨ ਲੋਕ ਕਿਸ ਹੱਦ ਤਕ ਕੇਸਾਧਾਰੀ ਸਨ ਤੇ ਉਹਨਾਂ ਨੂੰ ਕੇਸਾਂ ਨਾਲ ਕਿੰਨਾ ਕੁ ਪਿਆਰ ਸੀ।

ਇਤਿਹਾਸ ਗਵਾਹ ਹੈ ਕਿ ਸਿਰ ਤੇ ਕੇਸਾਂ ਦਾ ਕੁਦਰਤੀ ਤਾਜ ਪੁਰਾਤਨ ਮਨੁਖ ਨੂੰ ਬਹੁਤ ਪਿਆਰਾ ਸੀ ਅਤੇ ਇਸ ਤਾਜ ਦਾ ਕਿਸੇ ਜੁਰਮ ਦੇ ਕਾਰਨ ਕਟਵਾਉਣੇ ਦਾ ਹੁਕਮ ਪੁਰਾਤਨ ਮਨੁਖ ਆਪਣੇ ਲਈ ਮੌਤ ਦੇ ਸਮਾਨ ਸਮਝਦਾ ਸੀ। ਕੁਝ ਕੁ ਦ੍ਰਿਸ਼ਟਾਂਤ ਇਹ ਹਨ:

ਉਤਸੇਹ ਰਿਸ਼ੀ ਦੀ ਪਤਨੀ ਨਵਯੋਵਨ ਵਲ, ਵਰਨ ਨਾਮੀ ਰਾਜੇ ਨੇ ਬੁਰੀ ਦ੍ਰਿਸ਼ਟੀ ਨਾਲ ਦੇਖਿਆ। ਉਸਦੇ ਇਸ ਅਪਰਾਧ ਦੀ ਸਜ਼ਾ ਦੇਵਤਿਆਂ ਨੇ ਇਹ ਦਿਤੀ ਕਿ ਇਸ ਦਾ ਸਿਰ ਮੁੰਡ ਦਿਉ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਪਰਸ ਰਾਮ ਨੇ ਸ੍ਰੀ ਰਾਮ ਚੰਦਰ ਨਾਲ ਕੁਝ ਅਯੋਗ ਸ਼ਬਦਾਂ ਵਿਚ ਗਲ ਬਾਤ ਕੀਤੀ ਤਾਂ ਲਛਮਨ ਜੀ ਨੇ ਗੁਸੇ ਵਿਚ ਆ ਕੇ ਕਿਹਾ ਕਿ ਮਹਾਰਾਜ ਹੁਕਮ ਦਿਉ ਤਾਂ ਮੈਂ ਇਸਨੂੰ ਬੰਨ੍ਹ ਕੇ ਮਾਰਾਂ, ਦੇਸ਼ ਤੋਂ ਨਿਕਾਲ ਦਿਆਂ, ਸਮੁੰਦਰ ਵਿਚ ਡੋਬ ਦਿਆਂ, ਯਾ ਇਸ ਦਾ ਜੂੜਾ ਕਰ ਲਵਾਂ। ਜਦੋਂ ਕ੍ਰਿਸ਼ਨ ਜੀ ਮਹਾਰਾਜ ਨੇ ਰੁਕਮ ਨਾਮੀ

---

*ਯਤਨ ਨਹੀਂ ਕਰਾਂਗੇ ? ਜੇ ਅਸੀਂ ਅਜੇਹਾ ਰਵੱਈਆ ਅਪਨਾ ਲਈਏ ਤਾਂ ਉਹ ਅੰਤ ਵਿਚ ਸਾਡੇ ਲਈ ਹਾਨੀਕਾਰਕ ਸਿੱਧ ਹੋਵੇਗਾ। ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਗ ਚਿੰਨ੍ਹਾਂ ਤੇ ਚਲਦਿਆਂ ਹੋਇਆਂ, ਸਾਹਿਤ ਨੂੰ ਸਾਹਿਤ ਸਮਝ ਕੇ ਸਨਮਾਨੀਏ ਅਤੇ ਉਸਨੂੰ ਪ੍ਰਫੁਲਿਤ ਕਰਨ ਲਈ ਉਪਰਾਲੇ ਕਰੀਏ। ਹਾਂ ਚੰਗੇ ਤੇ ਮੰਦੇ ਸਾਹਿਤ ਵਿਚਲੇ ਅੰਤਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਘਟੀਆ ਪੱਧਰ ਦਾ ਸਾਹਿਤ ਪੁੰਗਰਦੀ ਪਨੀਰੀ ਵਿਚ ਘਟੀਆ ਰੁਚੀਆਂ ਉਪਜਾਉਂਦਾ ਤੇ ਉਸਨੂੰ ਕੁਰਾਹੇ ਪਾਉਣ ਦਾ ਕਾਰਨ ਬਣਦਾ ਹੈ ਇਸ ਲਈ ਅਜੇਹੇ ਸਾਹਿਤ ਦੇ ਪ੍ਰਭਾਵ ਤੋਂ ਮੌਲ ਰਹੇ ਹਿਰਦਿਆਂ ਨੂੰ ਬਚਾ ਕੇ ਰੱਖਣ ਦੀ ਲੋੜ ਹੁੰਦੀ ਹੈ; ਪਰੰਤੂ ਅਜੇਹੇ ਸਾਹਿਤ ਨੂੰ ਵੀ 'ਕੱਚੀ ਬਾਣੀ' ਕਹਿਕੇ ਨਿੰਦਣਾ ਠੀਕ ਨਹੀਂ ਹੁੰਦਾ ਕਿਉਂਕਿ ਇਹ ਸਾਹਿਤ ਹੈ (ਭਾਵੇਂ ਘਟੀਆ ਪੱਧਰ ਦਾ ਹੀ ਹੈ) 'ਬਾਣੀ' ਨਹੀਂ। ਜੇ ਇਹ 'ਬਾਣੀ' ਹੀ ਨਹੀਂ ਤਾਂ ਫਿਰ ਇਸ ਨੂੰ 'ਕੱਚੀ ਬਾਣੀ' ਕਹਿਣਾ ਕਿੱਥੇ ਕੁ ਤੱਕ ਜਾਇਜ਼ ਹੈ ?



www.AKJ.Org

(ਰੁਕਮਨੀ ਦੇ ਭਾਈ) ਨੂੰ ਮੈਦਾਨ ਜੰਗ ਵਿਚ ਹਰਾਇਆ ਉਸਨੂੰ ਮੌਤ ਦੀ ਸਜ਼ਾ ਦੇਣ ਦੇ ਬਦਲੇ ਕੇਸ ਤੇ ਦਾੜ੍ਹੀ ਮੁੰਡਨ ਦੀ ਸਜ਼ਾ ਦਿਤੀ। ਉਸ ਨੇ ਇਸ ਨੂੰ ਬਹੁਤ ਹੀ ਮਹਿਸੂਸ ਕੀਤਾ ਤੇ ਉਹ ਆਪਣੇ ਮੰਤ੍ਰੀਆਂ ਅਗੇ ਇਸ ਦੁਖਦਾਈ ਘਟਨਾ ਦਾ ਵਰਨਣ ਕਰ ਕੇ ਕਹਿਣ ਲਗਾ ਕਿ ਹੁਣ ਮੈਂ ਆਪਣੇ ਰਾਜ ਵਿਚ ਵਾਪਸ ਨਹੀਂ ਆਵਾਂਗਾ, ਦੂਜਾ ਰਾਜ ਕਾਇਮ ਕਰਾਂਗਾ। ਇਹ ਹੈ ਕੇਸਾਂ ਦੀ ਬੇਅਦਬੀ ਹੋਣ ਦਾ ਦੁਖ ਪੁਰਾਤਨ ਲੋਕਾਂ ਤੇ।

ਯਮ ਪੁਰਾਨ ਵਿਚ ਵੀ ਲਿਖਿਆ ਦਸਦੇ ਹਨ ਕਿ ਅਪਰਾਧੀ ਨੂੰ ਸਿਰ ਮੁੰਡਨ ਦਾ ਦੰਡ ਦਿਉ ਜੋ ਸਭ ਤੋਂ ਸਖ਼ਤ ਸਜ਼ਾ ਹੈ, ਪਰ ਖਤਰੀ ਤੇ ਬ੍ਰਹਮਣ ਨੂੰ ਇਹਨਾਂ ਦੇ ਨਾਲ ਇਹ ਦੰਡ ਨਾ ਦਿਤਾ ਜਾਵੇ ਉਹਨਾਂ ਨੂੰ ਬ੍ਰਤ ਤੇ ਪ੍ਰਾਸ਼ਚਿਤ ਯਾ ਦਾਨ ਲਈ ਕਿਹਾ ਜਾਵੇ ਕਿਉਂਕਿ ਖਤਰੀ ਤੇ ਬ੍ਰਹਮਣ ਉਚੀਆਂ ਜਾਤਾਂ ਹਨ, ਪਰ ਖਤਰੀ ਤੇ ਬ੍ਰਹਮਣ ਨੂੰ ਜੇ ਉਹ ਇਕੱਲੇ ਦੰਡ ਦਾ ਹੱਕਦਾਰ ਹਨ ਤਾਂ ਮੁੰਡਨ ਦਾ ਦੰਡ ਦਿਤਾ ਜਾਵੇ।

ਮਨੂੰ ਨੇ ਸਿਰ ਮੁੰਡਨ ਦਾ ਖੰਡਨ ਕੀਤਾ ਹੈ ਤੇ ਕਿਹਾ ਹੈ ਕਿ ਆਪਸ ਵਿਚ ਸਾਧਾਰਨ ਲੜਾਈ (ਹਾਥਾਪਾਈ) ਵੇਲੇ ਕੇਸਾਂ ਤੋਂ ਪਕੜਨਾ ਮਨ੍ਹਾਂ ਹੈ ਜੋ ਐਸਾ ਕਰੇ ਉਸ ਲਈ ਉਸ ਦੇਸ਼ ਦੇ ਰਾਜਾ ਦਾ ਫ਼ਰਜ਼ ਹੈ ਕਿ ਦੰਡ ਵਜੋਂ ਉਹ ਉਸਦੇ ਹੱਥ ਕਟਵਾ ਦੇਵੇ। ਜੇ ਲੜਾਈ ਵਿਚ ਕਿਸੇ ਦੇ ਕੇਸ ਖੁਲ੍ਹ ਜਾਣ ਤਾਂ ਉਸ ਉਤੇ ਵਾਰ ਨ ਕੀਤਾ ਜਾਵੇ।

ਅਥੱਰ ਵੇਦ ਵਿਚ ਤਾਂ ਕੇਸਾਂ ਨੂੰ ਲੰਬੇ ਕਰਨ ਤੇ ਸੁੰਦਰ ਕਰਨ ਲਈ ਆਦੇਸ਼ ਹਨ।

ਜਦੋਂ ਗੁਰੂ ਨਾਨਕ ਦੇਵ ਜੀ ਬਲਖ ਗਏ ਤੇ ਉਥੋਂ ਦੇ ਸੱਯਦ ਮੁਹੰਮਦ ਸ਼ਾਹ ਨੂੰ ਮਿਲੇ। ਗੁਰੂ ਸਾਹਿਬਾਨ ਦੇ ਨਾਲ ਸਵਾਲ ਜਵਾਬ ਕਰਦਿਆਂ ਹੋਇਆਂ ਸੱਯਦ ਜੀ ਨੇ ਦਸਿਆ ਕਿ ਹਜ਼ਰਤ ਈਸਾ, ਮੂਸਾ, ਜ਼ਰਤੁਸ਼ਤ, ਮੁਹੰਮਦ ਇਬਰਾਹੀਮ, ਮੁਹੰਮਦ ਸਾਹਿਬ, ਸ਼ਾਹ ਅਲੀ ਸਾਰੇ ਦੇ ਸਾਰੇ ਕੇਸਾਧਾਰੀ ਸਨ ਤੇ ਦਾੜ੍ਹੀ ਰਖਦੇ ਸਨ, ਤਾਂ ਫਿਰ ਗੁਰੂ ਸਾਹਿਬ ਨੇ ਕਿਹਾ ਕਿ ਫਿਰ ਤਾਂ ਖੁਦਾ ਨੂੰ ਮਿਲਨ ਲਈ 'ਸਾਬਤ ਸੂਰਤ ਦਸਤਾਰ ਸਿਰਾ' ਮਨੋ ? ਗੁਰੂ ਸਾਹਿਬਾਨ ਨੇ ਫ਼ੁਰਮਾਇਆ ਕਿ ਸਾਬਤ ਸੂਰਤ, ਸ਼ੁਧ ਕਮਾਈ ਤੇ ਯਾਦੇ ਖੁਦਾ ਹੀ ਤਿੰਨ ਚੀਜ਼ਾਂ ਹਨ ਜਿਸ ਨਾਲ ਰਬ ਮਿਲ ਸਕਦਾ ਹੈ। ਸੱਯਦ ਸਾਹਿਬ ਨੇ ਕਮਾਈ ਕੀਤੀ ਤੇ ਰੰਗ ਰਤੜਾ ਹੋ ਗਿਆ। ਗੁਰੂ ਸਾਹਿਬਾਨ ਨੇ ਮੁਸਲਮਾਨਾਂ ਨੂੰ ਵੀ ਸਾਬਤ ਸੂਰਤ ਰਹਿਣ ਦਾ ਉਪਦੇਸ਼ ਦਿਤਾ। ਗੁਰੂ ਗ੍ਰੰਥ ਸਾਹਿਬ ਵਿਚ ਕੇਸਾਂ ਦੇ ਬਾਰੇ ਲਿਖਿਆ ਹੈ :

'ਕੇਸਾਂ ਕਾ ਕਰ ਬੀਜਨਾ, ਸੰਤ ਚੱਵਰ ਝੁਲਾਉ।
ਕੇਸ ਸੰਗ ਦਾਸ ਪਗ ਝਾਰੋ, ਇਹੈ ਮਨੋਰਥ ਮੋਰ।
ਪੁਨਾ: ਕੇਸਾਂ ਕਾ ਕਰ ਚਵਰ ਝੁਲਾਵਾ,
ਚਰਨ ਧੂੜ ਮੁਖ ਲਾਈ।

ਸਪਸ਼ਟ ਹੋਇਆ ਕਿ ਕੇਸਾਂ ਦਾ ਰਖਣਾ ਆਮ ਪਰਚਲਤ ਰੀਤੀ ਸੀ ਤੇ ਲਾਜ਼ਮੀ ਤੌਰ ਤੇ ਪੁਰਾਤਨ ਸਿਖ ਵੀ ਕੇਸਾਧਾਰੀ ਹੀ ਸਨ। ਇਸ ਵਾਸਤੇ ਗੁਰਬਾਣੀ ਵਿੱਚ ਵਿਸਥਾਰ ਤੌਰ ਤੇ ਗੁਰੂ ਸਾਹਿਬਾਨ ਨੇ ਇਸ ਗਲ ਤੇ ਜ਼ੋਰ ਦੇਣ ਦੀ ਜ਼ਰੂਰਤ ਨਹੀਂ ਸਮਝੀ।

ਇਹ ਸਾਰੀਆਂ ਗਲਾਂ ਇਸ ਦਾ ਪੱਕਾ ਸਬੂਤ ਹਨ ਕਿ ਸਾਹਿਬ ਦਸਮੇਸ਼ ਪਿਤਾ ਜੀ ਦੇ ਖਾਲਸਾ ਸਜਾਉਣ ਤੋਂ ਪਹਿਲੋਂ ਵੀ ਤਾਂ ਸਿਖ ਸਮੁਚੇ ਰੂਪ ਤੇ ਕੇਸ ਦਾੜ੍ਹੇ ਰਖਦੇ ਸਨ ਤੇ ਪੁਰਾਤਨ ਸਮੇਂ ਤੋਂ ਇਨ੍ਹਾਂ ਦਾ ਕੇਸਾਂ ਨਾਲ ਬਹੁਤ ਹੀ ਪਿਆਰ ਸੀ ਤੇ ਇਹਨਾਂ ਦੀ ਬੇਅਦਬੀ ਮਨੁਖ ਲਈ ਮੌਤ ਦੇ ਬਰਾਬਰ ਸੀ।


www.AKJ.Org

ਜਦ ਦਸਮੇਸ਼ ਪਿਤਾ ਨੂੰ ਅਕਾਲ ਪੁਰਖ ਦੇ ਹੁਕਮ 'ਪੰਥ ਪ੍ਰਚੁਰ ਕਰਬੇ ਕੋ ਸਾਜਾ' ਦੇ ਮੁਤਾਬਕ ਖਾਲਸਾ ਪੰਥ ਸਜਾਉਣਾ ਸੀ ਫਿਰ ਇਹ ਜ਼ਰੂਰੀ ਹੋ ਗਿਆ ਕਿ ਖਾਲਸਾ ਨੂੰ ਐਸੀ ਸ਼ਕਲ ਦਿਤੀ ਜਾਵੇ ਜਿਸ ਤੋਂ ਇਹ ਲੱਖਾਂ ਵਿਚ ਖੜੋਤਾ ਹੋਇਆ ਪਹਿਚਾਨਿਆ ਜਾਵੇ।

ਇਹ ਗਲ ਪੱਕੀ ਹੈ ਕਿ ਕਿਸੇ ਵੀ ਗੁਣ ਦਾ ਪ੍ਰਵੇਸ਼, ਮਨੁਖ ਦੇ ਅੰਦਰ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਉਸਨੂੰ ਕਰੜੇ ਅਸੂਲਾਂ ਦੇ ਦਾਇਰੇ ਅੰਦਰ ਨਾ ਲਿਆਂਦਾ ਜਾਏ, ਤੇ ਇਹ ਵੀ ਸਚ ਹੈ ਕਿ ਕਿਸੇ ਚੀਜ਼ ਦੀ ਸੰਭਾਲ ਲਈ ਜਿਨਾਂ ਕਰੜਾ ਅਸੂਲ ਹੋਵੇਗਾ ਓਨਾ ਹੀ ਉਸ ਚੀਜ਼ ਦੀ ਮਹੱਤਤਾ ਦਾ ਸਬੂਤ ਹੈ।

ਸੋ ਦਸਮੇਸ਼ ਪਿਤਾ ਜੀ ਨੇ ਸਿਖੀ ਦੀ ਮਹਾਨਤਾ ਨੂੰ ਦੇਖ ਕੇ ਇਸ ਅਮੁਲ ਚੀਜ਼ ਲਈ ਕਰੜੀ ਰਹਿਤ ਲਈ ਫ਼ੁਰਮਾਇਆ ਤੇ ਇਹ ਉਹਨਾਂ ਦਾ ਇਕ ਬੜਾ ਅਹਿਮ ਨੁਕਤਾ ਸੀ। ਸੋਹਣੇ ਗੁਲਾਬ ਦੀ ਹਿਫ਼ਾਜ਼ਤ ਲਈ ਕੁਦਰਤ ਕੰਡੇ ਵੀ ਬਹੁਤ ਤਿਖੇ ਨਾਲ ਹੀ ਨਾਲ ਪੈਦਾ ਕਰ ਦੇਂਦੀ ਹੈ।

ਆਉ, ਹੁਣ ਇਹ ਸਮਝਣ ਦੀ ਕੋਸ਼ਸ਼ ਕਰੀਏ ਕਿ ਰਹਿਤਾਂ ਕਿਸਨੂੰ ਆਖਦੇ ਹਨ। ਪੰਜ ਕਕਾਰ ਸਿਖੀ ਸਿਦਕ ਨਿਭਾਉਣ ਦੀ 'ਰਾਮ ਕਾਰ' ਹੈ। ਗੁਰਸਿਖ ਵਾਸਤੇ ਰਹਿਤਾਂ ਇਕ ਐਸਾ ਧਾਰਮਕ ਦਾਇਰਾ ਹੈ ਜਿਸ ਵਿਚ ਆਉਣ ਕਰਕੇ ਹੀ ਉਹ ਸਿਖ ਕਹਿਲਾ ਸਕਦਾ ਹੈ। ਰਹਿਤਾਂ ਅੰਮ੍ਰਿਤ ਦੀ ਦਾਤ ਪਾਨ ਕਰਨ ਦੀ ਨਿਸ਼ਾਨੀ ਹੈ ਤੇ 'ਗੁਰੂ ਵਾਲਾ' ਕਹਿਲਾਉਣ ਦਾ ਮਾਨ ਵੀ ਹੈ। ਰਹਿਤ ਗੁਰੂ ਪ੍ਰੇਮ ਦੀ ਇਕ ਐਸੀ ਨਿਸ਼ਾਨੀ ਹੈ ਜਿਸ ਨਾਲ ਪਿਆਰ, ਗੁਰੂ ਪਿਆਰੇ ਦੇ ਬਰਾਬਰ ਹੈ। ਸਿਖ, ਰਹਿਤ ਨੂੰ ਸਰੀਰ ਦਾ ਅੰਗ ਸਮਝੇ ਤੇ ਇਸਤੋਂ ਵਿਛੜਨ ਤੇ ਭਾਰੀ ਦੁਖ ਅਨਭਵ ਕਰੇ। ਰਹਿਤ ਰਖਣਾ ਸਿਖ ਦੇ ਦਿਲੀ-ਪ੍ਰੇਮ ਦਾ ਸਬੂਤ ਹੈ ਦਿਖਾਵਾ ਨਹੀਂ। ਇਹ ਪਿਆਰ 'ਇਸ਼ਕ' ਦੀ ਹੱਦ ਤਕ ਪਹੁੰਚ ਜਾਵੇ ਤਾਂ ਫਿਰ ਸਿਖ ਦੀ ਚੜ੍ਹਦੀ ਕਲਾ ਹੈ। ਰਹਿਤਾਂ ਦੀ ਸੰਭਾਲ ਅੰਮ੍ਰਿਤ ਦੀ ਦਾਤ ਦੇ ਸ਼ੁਕਰਗੁਜ਼ਾਰ ਹੋਣ ਦਾ ਸਬੂਤ ਹੈ। ਕਦੀ ਕਦੀ ਰਹਿਤ ਦੀ ਸੰਭਾਲ ਤੇ ਪ੍ਰਪੱਕਤਾ ਇਕ ਭੋਲੇ ਭਾਲੇ ਅਨਪੜ੍ਹ ਸਿਖ ਨੂੰ ਬੜਾ ਉੱਚਾ ਉਠਾ ਦੇਂਦੀ ਹੈ ਅਤੇ ਉਸ ਦਾ ਪਿਆਰ ਰਹਿਤਾਂ ਤੇ ਕੇਂਦ੍ਰਿਤ ਹੋਣ ਕਰਕੇ ਉਹ ਆਗਿਆ ਪਾਲਕ ਭੋਰਾ ਗੁਰੂ ਕ੍ਰਿਪਾ ਦਾ ਪਾਤਰ ਛੇਤੀ ਹੀ ਬਣ ਜਾਂਦਾ ਹੈ।

ਰਹਿਤਾਂ ਗੁਰ-ਸਿਖੀ ਦੀ ਮੋਹਰ ਹਨ, ਛਾਪ ਹਨ। ਜਿਸ ਤਰ੍ਹਾਂ ਇਕ ਫ਼ੌਜੀ ਜੇ ਪੂਰੀ ਯੂਨੀਫ਼ਾਰਮ ਪਾ ਕੇ ਮੈਦਾਨੇ ਜੰਗ ਵਿਚ ਜਾਵੇ ਤਾਂ ਹੀ ਉਸਨੂੰ ਦਿਲੀ ਚੁਸਤੀ, ਉਤਸ਼ਾਹ ਤੇ ਜੋਸ਼ ਆਉਂਦਾ ਹੈ। ਠੀਕ ਉਸੇ ਤਰ੍ਹਾਂ ਹੀ ਜੇ ਇਕ ਗੁਰਸਿਖ ਪੂਰੀ ਰਹਿਤਾਂ ਨਾਲ ਖੰਡਾ ਖੜਕਾਏ ਤਾਂ ਉਹ ਅਸਰ ਵਾਲੀ ਚੀਜ਼ ਹੈ। ਉਸਦਾ ਗੁਰਬਾਣੀ ਵਲ ਪ੍ਰੇਮ ਵੀ ਸੁਤੇ ਹੀ ਰਹਿਤ ਦੀ ਪੂਰਨਤਾ ਦੇ ਅਸਰ ਨਾਲ ਉਸਨੂੰ ਚੜ੍ਹਦੀ ਕਲਾ ਵਿਚ ਰਖੇਗਾ। ਤਜਰਬਾ ਗਵਾਹੀ ਦੇਂਦਾ ਹੈ ਕਿ ਇਕ ਰਹਿਤ ਮਰਯਾਦਾ ਦੇ ਪਾਲਨਹਾਰਾ ਸਿਖ ਨਾਮ ਅਭਿਆਸ ਕਮਾਈ ਵਿਚ ਇਕ ਰਹਿਤਹੀਣ ਸਿਖ ਨਾਲੋਂ ਮੁਕਾਬਲੇ ਵਿਚ ਬਹੁਤ ਹੀ ਵਧੇਰੇ ਤਰੱਕੀ ਕਰੇਗਾ। ਮੈਨੂੰ ਯਾਦ ਹੈ ਕਿ ਵਡੇ ਭਾਈ ਸਾਹਿਬ (ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ) ਕੋਲੋਂ ਇਕ ਸਹਿਜਧਾਰੀ ਸਿਖ 1956 ਵਿਚ ਆਇਆ। ਕਹਿਣ ਲਗਾ, 'ਭਾਈ ਸਾਹਿਬ ਮੈਂ 1932 ਤੋਂ ਸਿਮਰਨ ਕਰ ਰਿਹਾ ਹਾਂ ਪਰ ਕਦੀ ਤੁ


www.AKJ.Org

ਜਾਂਦਾ ਹਾਂ, ਕਦੀ ਫੇਰ ਚਾਲੂ ਹੋ ਜਾਂਦਾ ਹਾਂ। ਅਭਿਆਸ ਵਿਚ ਫ਼ਰਕ ਨਹੀਂ ਨਿਸ਼ਚਿਤ ਸਮੇਂ ਉਠਦਾ ਹਾਂ ਤੇ ਮਨ ਲਾ ਕੇ ਕਮਾਈ ਵੀ ਕਰਦਾ ਹਾਂ ਪਰ ਮੇਰਾ ਅੰਦਰਲਾ ਕਹਿੰਦਾ ਹੈ ਕਿ ਅੰਦਰ ਪਾਲਸ਼ ਨਹੀਂ ਹੋਇਆ, ਤੋਟਾ ਆ ਜਾਂਦਾ ਹੈ ਇਸ ਦਾ ਇਲਾਜ ਦਸੋ? ਭਾਈ ਸਾਹਿਬ ਨੇ ਫ਼ੁਰਮਾਇਆ ਇਲਾਜ ਤਾਂ ਦਸੀਏ ਪਰ ਤੂੰ ਕਰ ਨਹੀਂ ਸਕਣ ਲਗਾ। ਉਸ ਨੇ ਕਿਹਾ 'ਗੁਰੂ ਕ੍ਰਿਪਾ ਹੋਵੇ ਤਾਂ ਸਭ ਕੁਝ ਹੋ ਜਾਵੇਗਾ। ਜੇਹੜੀ ਕਮਾਈ ਮੈਂ 1932 ਤੋਂ 1956 ਤਕ 24 ਸਾਲ ਕੀਤੀ ਹੈ ਜੇ ਉਹ ਸਫਲਤਾ ਦੀ ਸੜਕ ਤੇ ਚੜ੍ਹ ਜਾਵੇ ਤਾਂ ਮੈਂ ਹੋਰ ਕੀ ਲੈਣਾ ਹੈ?' ਉਹਨਾਂ ਕਿਹਾ 'ਤੇਰੀ ਰੁਕਾਵਟ ਦਾ ਤੇ ਦੇਰ ਦਾ ਕਾਰਨ ਤੇਰਾ ਰਹਿਤ ਹੀਨ ਹੋਣਾ ਹੈ, ਜਹਾਜ਼ੇ ਚੜ੍ਹ ਜਾ ਤਾਂ ਫੇਰ ਆਪ ਹੀ ਦੇਖ ਲਵੀਂ।' ਉਹ ਸਹਿਜਧਾਰੀ ਉਸੇ ਵੇਲੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਤਿਆਰ ਹੋ ਗਿਆ। ਦਾਤ ਪਾ ਕੇ ਉਸ ਦਾ ਕਾਰਜ ਸਿਧ ਹੋ ਗਿਆ। ਉਹ ਸਿਖ ਆਪ ਹੀ ਕੁਝ ਸਮੇਂ ਬਾਦ ਮਿਲ ਕੇ ਕਹਿਣ ਲਗਾ। 'ਕਿ ਇਹ ਪੈਂਡਾ ਜੋ ਮੈਂ ਰਹਿਤ ਹੀਨ ਹੋ ਕੇ 24 ਸਾਲ ਵਿਚ ਕੀਤਾ, ਇਹੀ ਰਹਿਤ ਨਾਲ ਤਾਂ ਇਕ ਸਾਲ ਦਾ ਕੰਮ ਸੀ। ਹੁਣ ਗੁਰੂ ਦੀ ਕ੍ਰਿਪਾ ਹੈ ਆਤਮਕ ਅਵਸਥਾ ਖ਼ੂਬ ਚੜ੍ਹਦੀ ਕਲਾ ਵਿਚ ਹੈ ਐਸਾ ਮੈਂ ਮਨੋਂ ਮਹਿਸੂਸ ਕਰ ਰਿਹਾ ਹਾਂ।'

ਸੋ ਜਿਵੇਂ ਸ਼ਸਸਤ੍ਰ ਸਿਪਾਹੀ ਲੜਾਈ ਵਿਚ ਛੇਤੀ ਕਾਮਯਾਬੀ ਹਾਸਲ ਕਰਦਾ ਹੈ ਉਵੇਂ ਹੀ ਰਹਿਤਾਂ ਨਾਲ ਸਿਖ ਚੜ੍ਹਦੀ ਕਲਾ ਛੇਤੀ ਪ੍ਰਾਪਤ ਕਰ ਲੈਂਦਾ ਹੈ।

ਇਹ ਤਾਂ ਸੁਤੇ-ਸਿਧ ਹੈ ਕਿ ਅੰਮ੍ਰਿਤਧਾਰੀ ਦਾ ਕੇਸਾਧਾਰੀ ਹੋਣਾ ਸੁਭਾਵਕ ਹੈ। ਸਾਹਿਬਾਂ ਦਾ ਫ਼ੁਰਮਾਨ ਹੈ ਕਿ ਸਿਖ ਲਈ ਕਛਹਿਰਾ, ਕੰਘਾ, ਕਿਰਪਾਨ, ਕੜਾ ਤੇ ਕੇਸਕੀ ਪੰਜ ਰਹਿਤਾਂ ਹਨ।

**ਕਛਹਿਰਾ**—ਇਤਿਹਾਸ ਗਵਾਹ ਹੈ ਕਿ ਬੜੇ ਬੜੇ ਰਿਸ਼ੀਆਂ, ਮਹਾਤਮਾਂ ਨੇ ਇਸਦਾ ਇਸਤੇਮਾਲ ਕੀਤਾ ਹੈ ਅਤੇ ਪਿਆਰਿਆ ਹੈ। ਤ੍ਰੇਤਾ ਯੁਗ ਦੇ ਅਵਤਾਰ ਸ੍ਰੀ ਰਾਮ ਚੰਦਰ ਮਹਾਰਾਜ ਨੇ ਕਛਹਿਰਾ, ਹਨੂਮਾਨ ਜੀ ਨੂੰ ਪ੍ਰਸੰਨ ਹੋ ਕੇ ਪ੍ਰਦਾਨ ਕੀਤਾ। ਇਸਤੋਂ ਜ਼ਾਹਿਰ ਹੈ ਕਿ ਹਨੂਮਾਨ ਜੀ ਲਈ ਕਛਹਿਰਾ ਇਕ ਵਡਮੁਲੀ ਵਸਤੂ ਸੀ। ਇਸ ਦਾ ਰਿਵਾਜ ਪੁਰਾਤਨ ਸਮੇਂ ਤੋਂ ਚਲਿਆ ਆ ਰਿਹਾ ਹੈ। ਇਹ ਕਛਹਿਰਾ ਬੀਰਤਾ ਦਾ ਸੂਚਕ ਹੈ। ਇਕ ਪਰਦੇਦਾਰ ਚੀਜ਼ ਹੈ ਅਤੇ ਜੰਗੀ ਲੋਕਾਂ ਦੇ ਪਹਿਨਣ ਲਈ ਅਤਯੰਤ ਯੋਗ ਚੀਜ਼ ਹੈ। ਸਤਿਯੁਗ ਤੋਂ ਲੈ ਕੇ ਮਹਾਂਭਾਰਤ ਦੇ ਯੁਧ ਤਕ ਬੀਰ ਲੋਕ ਕਛਹਿਰਾ ਹੀ ਪਹਿਨਦੇ ਸਨ। ਉਸਤੋਂ ਪਿਛੋਂ ਜਦੋਂ ਯੁਧ ਵਿਚ ਬਹਾਦਰਾਂ ਦੇ ਮਾਰੇ ਜਾਣ ਤੇ ਲੋਕਾਂ ਵਿਚ ਢਿੱਲਾ-ਪਨ ਆ ਗਿਆ ਤੇ ਲੋਕਾਂ ਨੇ ਧੋਤੀ ਤੇ ਕਪੀਨ ਇਤਿਆਦ ਪਹਿਨਣਾ ਸ਼ੁਰੂ ਕਰ ਦਿਤਾ ਪਰ ਕਛਹਿਰਾ ਫੇਰ ਵੀ ਬਹੁਤ ਲੋਕ ਪਾਂਦੇ ਹੀ ਰਹੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਭਾਰਤ ਵਾਸੀਆਂ ਨੂੰ ਸੂਰਬੀਰ ਬਣਾਉਨ ਲਈ ਅੰਮ੍ਰਿਤ ਦੀ ਦਾਤ ਦੇ ਨਾਲ ਹੀ ਇਹੀ ਸੂਰਬੀਰਤਾ ਸੂਚਕ 'ਕਛਹਿਰਾ' ਪਹਿਨਣ ਲਈ ਤਾਕੀਦ ਕੀਤੀ। ਕਛਹਿਰਾ 'ਜਤਿ ਸਤਿ' ਦਾ ਸਬਕ ਦੇਂਦਾ ਹੈ ਤੇ ਸਿਖ ਨੂੰ ਇਸ ਸ਼ੁਭ ਗੁਣ ਵਲ ਪ੍ਰੇਰਦਾ ਹੈ। ਮ੍ਰਿਤੂ ਤੋਂ ਬਾਅਦ ਵੀ ਸੂਰਬੀਰ ਇਸਤ੍ਰੀ ਤੇ ਮਰਦ ਨੰਗੇਜ ਦੀ ਜ਼ਲਾਲਤ ਤੋਂ ਬਚੇ ਹੀ ਰਹਿੰਦੇ ਹਨ। ਸੋ ਇਹ


www.AKJ.Org

'ਕਛਹਿਰਾ' ਜੀਵਨ ਵਿਚ ਤੇ ਮਰਨ ਤੋਂ ਬਾਅਦ ਵੀ ਸਿਖ ਦੀ ਲਜਿਆ ਦਾ ਰਾਖਾ ਹੈ।

**ਕੰਘਾ**—ਕੇਸਾਂ ਨੂੰ ਪਵਿਤ੍ਰ ਤੇ ਸਾਫ਼ ਕਰਨ ਲਈ ਸਭ ਤੋਂ ਉਪਯੋਗੀ ਦਾਤ ਹੈ। ਗੁਰੂ ਸਾਹਿਬਾਨ ਨੇ ਫ਼ੁਰਮਾਇਆ ਹੈ ਕਿ ਕੇਸਾਂ ਦੀ ਸਫ਼ਾਈ ਸਿਖ ਲਈ ਬਹੁਤ ਹੀ ਜ਼ਰੂਰੀ ਹੈ ਕਿਉਂ ਜੋ ਜਦ ਤਕ ਕੁਦਰਤੀ ਤਾਜ (ਕੇਸਾਂ) ਨੂੰ ਸਜਾਇਆ ਨਾ ਜਾਵੇ, ਤਾਜ ਦਾ ਅਪਮਾਨ ਹੈ ਤੇ ਤਾਜ ਬਖ਼ਸ਼ਨ ਵਾਲੇ ਦੇ ਹੁਕਮ ਦੀ ਉਲੰਘਨਾ ਹੈ। ਕੰਘਾ ਕਰਨ ਵੇਲੇ ਗੁਰਸਿਖ ਬੜੇ ਪ੍ਰੇਮ ਨਾਲ ਕਪੜਾ ਥਲੇ ਟੱਖਕੇ ਕੇਸਾਂ ਦੀ ਸਫ਼ਾਈ ਕਰੇ ਤੇ ਬਾਅਦ ਵਿਚ ਹੀਰੇ (ਬ੍ਰਿਧ ਕੇਸ ਜੋ ਥਲੇ ਡਿਗਣ) ਚੁਣ ਕੇ ਇਕੱਠੇ ਕਰਕੇ, ਤੇ ਕੰਘੇ ਵਾਲੇ ਹੀਰੇ ਵੀ ਨਾਲ ਮਿਲਾ ਕੇ ਸੋਹਣੀ ਥਾਂ ਸੰਭਾਲ ਕੇ ਰਖਦਾ ਜਾਵੇ ਤਾਂ ਫੇਰ ਕੁਝ ਚਿਰ ਮਗਰੋਂ ਸਮਾਂ ਪਾ ਕੇ ਉਹਨਾਂ ਨੂੰ ਜਲ ਪ੍ਰਵਾਹ ਕਰੇ। ਇਹ ਹੈ ਬਿਰਧ ਹੀਰਿਆਂ ਦੀ ਇਜ਼ਤ।

**ਕ੍ਰਿਪਾਨ**—ਸੂਰਮੇ ਦਾ ਸ਼ਸਸਤ੍ਰ ਹੋਣਾ ਜ਼ਰੂਰੀ ਹੈ। ਇਹ ਕ੍ਰਿਪਾਨ ਅਪਣੀ ਤੇ ਦੀਨ ਦੀ ਰਖਸ਼ਾ ਲਈ ਗੁਰੂ ਸਾਹਿਬਾਨ ਵਲੋਂ ਦਾਤ ਹੈ। ਗੁਰੂ ਸਾਹਿਬਾਨ ਨੇ ਇਸ ਦੀ ਇਜ਼ਤ ਕਰਨ ਲਈ ਸਿਖ ਨੂੰ ਬਹੁਤ ਤਾਕੀਦ ਕੀਤੀ ਹੈ। ਇਹ ਸੂਰਮੇ ਦੀ ਸ਼ਾਨ ਹੈ ਗਹਿਣਾ ਹੈ। ਫ਼ੁਰਮਾਨ ਹੈ:—

ਖਗ ਖੰਡ ਬਿਹੰਡੰ ਖਲ ਦਲ ਖੰਡੰ........

ਅਰਥਾਤ ਇਸਨੂੰ ਸ੍ਰਿਸਟੀ ਦੀ ਮੁਕਤ-ਦਾਤਾ ਤੇ ਆਪਣੀ ਵੀ ਰਖਸ਼ਾ ਕਰਨ ਵਾਲੀ ਕਿਹਾ ਹੈ ਤੇ ਪੀਰ ਦਾ ਰੁਤਬਾ ਵੀ ਦਿਤਾ ਹੈ ਜੈਸਾ ਕਿ:—

ਅਸ,ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ...

ਕ੍ਰਿਪਾਨ ਖਾਲਸੇ ਦਾ ਮੁਖੀ ਧਾਰਮਕ ਚਿੰਨ੍ਹ ਹੈ। ਗੁਰੂ ਸਾਹਿਬਾਨ ਦੇ ਆਗਮਨ ਤੋਂ ਪਹਿਲੋਂ ਤਾਂ ਭਾਰਤ ਵਾਸੀ ਗੁਲਾਮੀ ਦੀਆਂ ਜ਼ੰਜੀਰਾਂ ਨਾਲ ਜਕੜੇ ਹੋਏ ਆਪਣੇ ਆਤਮਕ ਬਲ ਨੂੰ ਗਵਾ ਬੈਠੇ ਹੋਏ ਸਨ ਤੇ ਸਰੀਰਕ ਬਲ ਵੀ ਘਟ ਰਿਹਾ ਸੀ। ਐਸੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਆਕੇ ਪਹਿਲੇ ਤਾਂ ਮਨੁਖ ਦੀ ਆਤਮਾਂ ਦੀ ਆਜ਼ਾਦੀ ਲਈ ਅਕਾਲ ਪੁਰਖ ਦੀ ਉਪਾਸ਼ਨਾ ਵਲ ਪ੍ਰੇਰਿਆ ਕਿਉਂ ਜੋ ਸੱਪਾਂ ਤੇ ਜਾਨਵਰਾਂ ਤੇ ਹੋਰ ਪੇੜਾਂ ਇਤਿਆਦ ਦੀ ਪੂਜਾ ਨਾਲ ਮਨੁਖ ਨਿਢਾਲ ਹੋ ਕੇ ਆਤਮਕ ਰਾਹ ਭੁਲ ਗਏ ਹੋਏ ਸਨ। ਫੇਰ ਗੁਰੂ ਸਾਹਿਬਾਨ ਨੇ ਆਪ ਹੀ ਦਸਮੇਂ ਜਾਮੇ ਵਿਚ ਆ ਕੇ ਮਨੁਖ ਵਿਚ ਮਰਦਊਪਨ ਭਰਨ ਲਈ ਖਾਲਸਾ ਜੀ ਨੂੰ ਕ੍ਰਿਪਾਨ ਬਖ਼ਸ਼ੀ, ਅਤੇ ਖਾਲਸਾ ਜੀ ਨੇ ਇਸਨੂੰ ਅਕਾਲ ਪੁਰਖ ਦਾ ਹੁਕਮ ਮੰਨਕੇ ਸਿਰ ਝੁਕਾ ਕੇ ਕਬੂਲ ਕੀਤਾ। ਇਸ ਵਾਸਤੇ ਇਹ ਪਵਿਤ੍ਰ ਕ੍ਰਿਪਾਨ ਲਾਡਲੇ ਗੁਰਸਿਖਾਂ ਦਾ ਧਾਰਮਕ ਚਿੰਨ੍ਹ ਬਣੀ।

**ਕੜਾ**—(ਸ਼ਹੀਦੀ ਗਾਨਾ) ਇਹ ਸਿਖ ਨੂੰ ਸ਼ੁਭ ਕਰਮਾਂ ਵਲ ਪ੍ਰੇਰਨ ਦੀ ਯਾਦ ਹੈ। ਇਕ ਆਮ ਦੁਨੀਆਂਦਾਰ 90 ਫ਼ੀ ਸਦੀ ਕਰਮ ਐਸੇ ਕਰਦਾ ਹੈ ਜੋ ਅਸ਼ੁਭ ਹੁੰਦੇ ਹਨ, ਇਹਨਾਂ ਤੋਂ ਬਚਣਾ ਗੁਰਸਿਖ ਦਾ ਫ਼ਰਜ਼ ਹੈ। ਇਹ ਕੜਾ ਗੁਰੂ ਸਾਹਿਬਾਨ ਵਲੋਂ ਅਪਕਰਮ ਕਰਨ ਤੋਂ ਰੋਕਣ ਦਾ ਪ੍ਰਤੀਕ ਹੈ। ਇਹ ਇਕ ਐਸਾ ਬਹਾਦਰ ਜਰਨੈਲ ਹੈ ਜਿਹੜਾ ਕਿ ਸਿਖ ਨੂੰ ਮੈਦਾਨ ਵਿਚ ਸਾਹਮਣੇ ਸ਼ਹੀਦ ਹੋਣ ਦਾ ਉਪਦੇਸ਼ ਦੇਂਦਾ ਹੈ। ਪੁਰਾਣੇ ਜ਼ਮਾਨੇ ਦੀ ਰਸਮ ਸੀ ਕਿ ਬਹਾਦਰ ਲੋਕ ਜੰਗ ਵਿਚ ਜਾਣ ਤੋਂ ਪਹਿਲੋਂ ਇਕ ਗਾਨਾ ਬੰਨ੍ਹਦੇ ਸਨ ਉਸਦਾ ਮਤਲਬ ਇਹ ਸੀ ਕਿ 'ਫ਼ਤਿਹ ਯਾ ਮੌਤ' ਤੇ ਆਪਣੀ ਅਣਖ ਦੀ ਸੰਭਾਲ।


www.AKJ.Org

ਸੋ ਇਹ ਕੜਾ ਸ਼ਹੀਦੀ ਗਾਨਾ ਹੈ ਇਸ ਨੂੰ ਪਹਿਨਣ ਵੇਲੇ ਸਿਖ ਇਹ ਯਾਦ ਰਖੇ ਕਿ ਧਰਮ ਹੇਤ ਯੁਧ ਕਰਨ ਦਾ ਅਜ ਤੋਂ ਹੀ ਉਸਨੇ ਸ਼ਹੀਦੀ ਗਾਨਾ ਬੰਨ੍ਹ ਲਿਆ ਹੈ, ਤੇ ਖਾਲਸਈ ਅਣਖ ਉਸਨੇ ਕਾਇਮ ਰਖਣੀ ਹੈ। ਇਹ ਲੋਹੇ ਦਾ ਨ ਟੁਟਣ ਵਾਲਾ ਗਾਨਾ ਬਖ਼ਸ਼ ਕੇ ਗੁਰੂ ਜੀ ਨੇ ਧਰਮ ਹੇਤ ਜੂਝਣ ਦੀ ਪ੍ਰੇਰਨਾ ਦਿਤੀ।

**ਕੇਸਕੀ**—ਇਹ ਸੁੰਦਰ ਕੁਦਰਤੀ ਤਾਜ ਦੀ ਰਾਖੀ ਲਈ ਛੋਟਾ ਜੇਹਾ ਪਹਿਰਾਵਾ ਹੈ, ਗੁਰਸਿਖ ਹਮੇਸ਼ਾਂ ਦਸਤਾਰਾ ਸਜਾਣ ਤੋਂ ਪਹਿਲੋਂ ਥਲੇ ਇਹ ਕੇਸਕੀ ਬੰਨ੍ਹੇ। ਵਡੇ ਦਸਤਾਰੇ ਨੂੰ ਮੈਲਾ ਹੋਣ ਤੋਂ ਇਹ ਕੇਸਕੀ ਰਖਸ਼ਾ ਕਰਦੀ ਹੈ। ਸਿਖ ਆਰਾਮ ਸਮੇਂ, ਯਾ ਸੌਣ ਵੇਲੇ ਵਡਾ ਦਸਤਾਰਾ ਉਤਾਰ ਕੇ (ਪੇਚ ਪੇਚ ਕਰ ਕੇ) ਚੁਣ ਕੇ ਰਖੇ ਤੇ ਕੇਸਕੀ ਪਹਿਣੇ। ਨੰਗੇ ਸਿਰ ਕਦੀ ਵੀ ਨਾ ਰਵੇ। ਨੰਗਾ ਸਿਰ ਰਾਂਡ ਦੀ ਨਿਸ਼ਾਨੀ ਹੈ। ਸਿਖ ਅਕਾਲ ਪੁਰਖ ਪ੍ਰਮਾਤਮਾਂ ਦੀ ਸੋਹਾਗਣ ਇਸਤ੍ਰੀ ਦੇ ਸਮਾਨ ਹੈ। ਸਿਰੋਂ ਨੰਗੇ ਰਹਿਣਾ ਅਸ਼ੁਭ ਹੈ ਤੇ ਸਿਖ ਲਈ ਵਿਵਰਜਤ ਹੈ। ਕੇਸ ਹਰੇ ਕਰਨ ਵੇਲੇ ਗੁਰਸਿਖ ਕੇਸਕੀ ਕੋਲ ਹੀ ਰਖੇ ਇਸ ਤੋਂ ਅਲਗ ਨ ਹੋਵੇ। ਇਹ ਸਿੰਘਣੀਆਂ ਲਈ ਵੀ ਸੁੰਦਰ ਜੂੜੇ ਉਤੇ ਸ਼ਸ਼ੋਭਤ ਹੋ ਕੇ ਸਿੰਘਣੀਆਂ ਦੀ ਬੀਰਤਾ ਦੀ ਸੂਚਕ ਹੈ। ਸਿੰਘਣੀਆਂ ਲਈ ਵੀ ਇਸ ਦੇ ਰਖਣ ਦਾ ਹੁਕਮ ਹੈ। ਗੁਰੂ ਸਾਹਿਬਾਨ ਨੇ ਖਾਲਸੇ ਲਈ ਰਹਿਤਾਂ ਵਿਚ ਪ੍ਰਪੱਕ ਰਹਿਣ ਲਈ ਬਹੁਤ ਜ਼ੋਰ ਦਿਤਾ ਹੈ ਅਤੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਹੈ:—

'ਰਹਿਣੀ ਰਹੇ ਸੋਈ ਸਿਖ ਮੇਰਾ ॥
ਓਹ ਸਾਹਿਬ ਮੈ ਉਸ ਕਾ ਚੇਰਾ ॥'

ਅਰਥਾਤ ਰਹਿਤ ਮਰਯਾਦਾ ਵਿਚ ਪੂਰੇ ਸਿਖ ਨੂੰ ਗੁਰੂ ਸਾਹਿਬਾਨ ਨੇ ਅਪਨਾ ਮਾਲਕ ਤਕ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਕੀਤਾ। ਹੋਰ ਥਾਂ ਫ਼ੁਰਮਾਨ ਹੈ :—

'ਇਹੋ ਮੋਰ ਆਗਿਆ ਸੁਣੋ ਤੁਮ ਪਿਆਰੇ ॥
ਬਿਨਾ ਤੇਗ ਕੇਸੰ ਦੇਊ ਨਾ ਦੀਦਾਰੇ ॥'

ਹੋਰ :—

ਰਹਿਤ ਬਿਨਾ ਤਨਖਾਹੀ ਜਾਨੋ।
ਰਹਿਤ ਬਿਨਾ ਜੜ੍ਹ ਭੂਤੇ ਸਮਾਨੋ।
ਰਹਿਤ ਬਿਨਾ ਸੁਖ ਕਬਹੂ ਨ ਲੇਵੇ।
ਰਹਿਤ ਬਿਨਾ ਨਰ ਦੁਖ ਸਦ ਸਹੇ।
ਰਹਿਤ ਬਿਨਾ ਨਰ ਨਰਕੇ ਜਾਈ।
ਰਹਿਤ ਬਿਨਾ ਗਤ ਕਿਨਹੂ ਨ ਪਾਈ।

ਤਾਂ ਤੇ—

ਪਾਂਚ ਸਿਖ ਜੋ ਆਗਿਆ ਕਰੇ।
ਤਾ ਤੇ ਸੋ ਹੀ ਦ੍ਰਿੜ ਕਰ ਗਹੇ।

ਗੁਰੂ ਦੀ ਆਗਿਆ ਪਾਲਨ ਕਰਨਾ, ਰਹਿਤ ਰਖਣਾ ਤੇ ਉਹਨਾਂ ਦੇ ਦਸੇ ਹੋਏ ਰਹਿਤਨਾਮੇ ਤੇ ਚਲਣਾ ਹੀ 'ਹੁਕਮੀ ਬੰਦਾ' ਹੋਣਾ ਹੈ, ਫ਼ੁਰਮਾਇਆ ਹੈ ਕਿ :—

ਹੁਕਮੀ ਬੰਦਾ ਹੋਇ ਕੇ,
ਸਾਹਿਬ ਦੇ ਹੁਕਮੇ ਅੰਦਰ ਰਹਿਨਾ।

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ।

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰੋਂ ਨਿਵਾਸ।

ਕੁਰਬਾਨ ਤੇ ਬਲਿਹਾਰ! ਦਾਤਾ, ਤੇਰੇ ਤੋਂ ਜਿਸਨੇ ਆਪ ਹੀ ਖਾਲਸਾ ਸਾਜਿਆ ਤੇ ਆਪ ਹੀ ਉਸਨੂੰ ਇਤਨਾ ਸਨਮਾਨਿਆ ਹੈ। ਆਉ, ਵੀਰੋ, ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਦਾਤੇ ਦੇ *


www.AKJ.Org

# ਨਾਨਕ ਬਪੁੜਾ ਏਵ ਕਹੈ

( ਵਲੋਂ–ਕਾਕਾ ਸਤਿਨਾਮ ਸਿੰਘ ਜੀ, ਲੁਧਿਆਣਾ )

ਨਰਿੰਦਰ ਸਿੰਘ 'ਸੋਚ' (ਗੁਰਮਤਿ ਪ੍ਰਕਾਸ਼ ਨਵੰਬਰ-ਦਸੰਬਰ 1967 ਗੁਰੂ ਨਾਨਕ ਦਰਸ਼ਨ ਵਿੱਚ) ਲਿਖਦਾ ਏ :–

ਗੁਰੂ ਨਾਨਕ ਦੇਵ ਜੀ ਦੀ 'ਸ਼ਬਦ' ਦੀ ਟਕਸਾਲ ਹੈ, ਬਾਬੇ ਨਾਨਕ ਦੇ ਰਾਜ ਦਾ ਸਿਕਾ ਸ਼ਬਦ ਹੈ, ਬਾਬੇ ਦਾ ਤੀਰਥ ਸ਼ਬਦ ਹੈ, ਬਾਬੇ ਦਾ ਜੋਗ ਸ਼ਬਦ ਹੈ, ਬਾਬੇ ਦਾ ਉਦਾਸ ਸ਼ਬਦ ਹੈ, ਬਾਬੇ ਦਾ ਗ੍ਰਿਸਤ ਸ਼ਬਦ ਹੈ, ਬਾਬੇ ਦਾ ਆਦਿ ਸ਼ਬਦ ਹੈ, ਬਾਬੇ ਦਾ ਜੁਗਾਦ ਸ਼ਬਦ ਹੈ, ਬਾਬੇ ਦਾ ਵਰਤਮਾਨ ਸ਼ਬਦ ਹੈ, ਬਾਬੇ ਦਾ ਭਵਿਖ ਸ਼ਬਦ ਹੈ।

---

*ਹੁਕਮਾਂ ਅਨੁਸਾਰ ਰਹਿਤਾਂ ਨੂੰ ਪਿਆਰੀਏ। ਵੈਸੇ ਤੇ ਅਸੀਂ ਕਾਲ ਚੱਕਰ ਦੇ ਲਤਾੜੇ ਹੋਏ ਜੀਵ, ਕਰਮ-ਹੀਨ ਹਾਂ ਤੇ ਲਿਖਣ ਦੀ ਚਤਰਾਈ ਦਸ ਕੇ ਚੁੰਚ ਗਿਆਨ ਘੋਲਦੇ ਹਾਂ ਪਰ ਰਹਿਤਾਂ ਰਖਣ ਦੀ ਜੇ ਅਸੀਂ ਦਿਲੋਂ ਚਾਹ ਕਰੀਏ ਤਾਂ ਕੋਈ ਮੁਸ਼ਕਲ ਨਹੀਂ, ਦਾਤਾ ਜ਼ਰੂਰ ਮਦਦ ਕਰੇਗਾ। ਰਹਿਤਾਂ ਵਿਚ ਪਰਪੱਕ ਹੋਣ ਤੇ ਗੁਰੂ ਤੁਠੇਗਾ। ਸਿਮਰਨ ਤੋਂ ਉਖੜੇ ਹੋਏ ਸਿਖ, ਗੁਰਬਾਣੀ ਦੇ ਆਸ਼ੇ ਤੋਂ ਨਾਵਾਕਿਫ ਸਿਖ ਰਹਿਤਾਂ ਦੀ ਪਉੜੀ ਦਵਾਰਾ ਹੀ ਆਤਮਕ ਸੜਕ ਪਕੜ ਸਕਦੇ ਹਨ। ਪੰਜਾਂ ਕਕਾਰਾਂ ਦੀ ਰਹਿਤ ਦੁਖ-ਦਾਹਨੀ ਤੇ ਤੇਜ ਉਪਜਾਉਨੀ ਹੈ।

ਬਾਬਾ ਸ਼ਬਦ ਦੇ ਛੱਤੀ ਪ੍ਰਕਾਰ ਦੇ ਭੋਜਨ ਛਕਦਾ ਹੈ, ਬਾਬਾ ਸ਼ਬਦਾਂ ਦੇ ਸੁੰਦਰ ਕਪੜੇ ਪਹਿਨਦਾ ਹੈ,ਬਾਬਾ ਸ਼ਬਦਾਂ ਦੇ ਸੁੰਦਰ ਮਹਲਾਂ ਵਿਚ ਰਹਿੰਦਾ ਹੈ। ਬਾਬਾ ਜੀ ਦਾ ਸ਼ਬਦ ਪ੍ਰਵਾਰ ਹੈ, ਬਾਬੇ ਦਾ ਸ਼ਬਦ ਸੰਗੀ ਸਾਥੀ ਹੈ,ਬਾਬੇ ਦਾ ਸ਼ਬਦ ਖਸਮ ਦੀ ਬਾਣੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਦਿ ਫ਼ਿਲਾਸਫ਼ੀ ਅਨੁਕੂਲ ਸ਼ਬਦ ਦਾ ਸਿਕਾ ਢਾਲ ਕੇ ਨਿਰੋਲ ਅਧਿਆਤਮਕ ਵਿਲਸ਼ੇਸਣ ਨਿਖੇੜਿਆ। ਜਨਤਾ ਕਿਵੇਂ ਤੇ ਕਿਉਂ ਭੁਲੀ ਏ, ਇਹ ਉਹਨਾਂ ਥਾਂ ਥਾਂ ਪੜਾਅ ਤਹਿ ਕਰ ਕੇ ਵਾਚਿਆ ਤੇ ਜੋ ਤੱਤ ਬਿਆਨੇ ਉਹ ਸਾਡੇ ਸਾਹਮਣੇ 'ਧੰਨ ਗੁਰੂ ਗ੍ਰੰਥ ਸਾਹਿਬ' ਪ੍ਰਕਾਸ਼ਮਾਨ ਨੇ। ਗੁਰੂ ਸਾਹਿਬ ਨੇ ਸ਼ਬਦ ਗੁਰੂ ਦੀ ਆਰਾਧਨਾ ਕੀਤੀ :

ਪਵਣ ਅਰੰਭ ਸਤਿਗੁਰ ਮਤਿ ਵੇਲਾ।
ਸਬਦ ਗੁਰੂ ਸੁਰਤਿ ਧੁਨ ਚੇਲਾ।

ਸ਼ਬਦ-ਗੁਰੂ ਉਹ ਨਿਰੂਪਣ ਏ ਜੋ ਸਾਕਾਰ ਤੇ ਨਿਰਾਕਾਰ ਦੋਨਾਂ ਰੂਪਾਂ ਵਿਚ ਪ੍ਰਕਾਸ਼ਮਾਨ ਹੋ ਲੋਕਾਈ ਨੂੰ ਆਪਣੇ ਕਲਾਵੇ ਵਿਚ ਸਮੇਟੀ ਬੈਠਾ ਏ। 'ਸਹੁ' ਏਕ ਏ ਤੇ ਬਾਕੀ ਨੇ ਸਹੁ ਦੀਆਂ ਸਹੇਲੀਆਂ। ਖਸਮ ਏਕ ਤੇ ਬਾਕੀ ਸੁਹਾਗਣਾਂ, ਦੁਹਾਗਣਾਂ।

ਗੁਰੂ ਸਾਹਿਬ ਨੇ ਕਲਜੁਗ ਨੂੰ ਇਕ ਰੁਤ ਦਾ


www.AKJ.Org

ਹਵਾਲਾ ਦੇ ਕੇ ਇਸ ਵਿਚ ਬੀਜ ਬੋਣ ਲਈ ਇਸ਼ਾਰਾ ਕੀਤਾ ਏ :

ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨੁ ਖੇਤ ।
ਨਾਮੁ ਬੀਜ ਸੰਤੋਖ ਸੁਹਾਗਾ ਰਖੁ ਗਰੀਬੀ ਵੇਸ ।

ਨਾਮ ਜਪਣ ਤੋਂ ਬਿਨਾਂ ਸਭ ਕਾਰਜ, ਵਰਤ, ਨੇਮ, ਸੁਚ ਸੰਜਮ ਆਦਿ ਬਿਰਥੇ ਨੇ । 'ਭਾਂਡੇ' (ਸਰੀਰ) ਨੂੰ ਧੋ, ਮਨ ਸੁੱਚਾ ਕਰਨਾ ਏ ਨਹੀਂ ਤੇ 'ਨੰਗਾ ਦੋਜਕ ਚਾਲਿਆ' ਤੇ 'ਦਿਸੈ ਖਰਾ ਡਰਾਵਣਾ' ਵਾਲੀ ਹਾਲਤ ਹੋਵੇਗੀ । ਕੂੜ, ਲੋਭ, ਹੰਕਾਰ, ਪਾਖੰਡ ਤੇ ਨਿੰਦਾ—ਸ਼ਬਦ ਗੁਰੂ ਦਾ ਬਿਖਮ ਪੜਾਅ ਤਹਿ ਕਰਨ ਲਈ ਅਤਿ ਕਠਨ ਰੁਕਾਵਟਾਂ ਨੇ ਜਿਨ੍ਹਾਂ ਨੂੰ ਸਰ ਕਰਨ ਲਈ ਸਚੇ ਸਤਿਗੁਰੂ ਦੀ ਸ਼ਰਨ 'ਚ ਆਣਾ ਏ ।

ਗੁਰੂ ਨਾਨਕ ਦੇਵ ਜੀ ਦੀ ਜੋਤ ਆਦਿ ਫ਼ਿਲਾਸਫ਼ੀ ਦਾ ਨਿਖੇੜਿਆ ਪ੍ਰਕਾਸ਼ ਸੀ । ਉਹ ਖਸਮ ਦੀ ਬਾਣੀ ਜੋ ਧੁਰੋਂ ਫੁਰਦੀ, ਉਹ ਹੀ ਬਿਆਨਦੇ ਅਤੇ ਥਾਂ ਥਾਂ 'ਕਲ ਮਹਿ ਰਾਮ ਨਾਮ ਸਾਰ' ਦਾ ਹੋਕਾ ਦੇਂਦੇ । ਗੁਰੂ ਬਾਬੇ ਦੀ ਬਾਣੀ ਸਤਿ, ਰਚਨਾ ਸਤਿ ਤੇ ਕਰਮ ਵੀ ਸਤਿ ਹੀ ਸਨ । ਪਰਮ ਅਕਾਲ ਪੁਰਖ ਬਾਰੇ ਜਪੁ ਉਸਤਤੀ-ਪੂਰਨ ਏ। ਖੰਡਾਂ ਬ੍ਰਹਿਮੰਡਾਂ, ਲੋਆਂ, ਦੀਪਾਂ 'ਚ ਉਹਦਾ ਨੂਰ ਉਪਸਥਿਤ ਏ । 'ਘਟਿ ਘਟਿ ਰਵਿ ਰਹਿਆ ਬਨਵਾਰੀ' ਅਦਿਖਵੇਂ ਤੇ ਦਿਖਵੇਂ ਭਾਪਾਂ 'ਚ ਲੁਭਿਤ ਏ । ਇਹ ਜਗਤ ਦੇ ਝੂਠੇ ਕਾਰ ਵਿਹਾਰ ਉਸ ਲਈ ਤਮਾਸ਼ਾ ਨੇ । ਉਹ ਆਪ ਨਿਰਾਲਮ ਹੈ ਤਾੜੀ ਲਾ ਸਭ ਕੁਝ ਵੇਖਦਾ ਹੈ ਤੇ ਹਰੇਕ ਕਰਮ ਉਹ ਆਪ ਕਰਵਾਉਂਦਾ ਏ, ਅਰਥਾਤ ਅਗਵਾਈ ਦਿੰਦਾ ਏ । ਨੀਚ ਕਰਮ ਮਨਮੁਖਾਂ ਦੇ ਪਾਪਾਂ ਦਾ ਪ੍ਰਤੀਕਰਮ ਨੇ ਤੇ ਉਤਮ ਕਰਮ ਸਨਮੁਖੀ ਕਰਮਾਂ ਦਾ ਫਲ-ਸਰੂਪ ਨੇ, ਪਰ ਰੰਗ ਰਤੜੇ ਮਹਾਂਪੁਰਸ਼, ਕਰਨੀ ਦੇ ਸੂਰੇ ਇਹਨਾਂ ਕਰਮਾਂ ਤੋਂ ਉਪਰ ਅਖੰਡ ਲਿਵ 'ਚ ਜੁੜੇ, ਹਰਖ-ਸੋਗ ਤੋਂ ਨਿਆਰੇ 'ਅਗਮ ਅਪਾਰ' ਦੇ ਮਹਿਲ ਵਿਚ ਬਿਰਾਜਮਾਨ ਨੇ । ਉਹ ਕਾਰ ਵਿਹਾਰ ਕਰਦੇ ਨੇ ਭਾਈ ਲਾਲੋ ਵਾਂਗ, ਪਰ ਚਿਤ ਉਹਨਾਂ ਦਾ ਅਕਾਲ ਪੁਰਖ ਦੇ ਚਰਨਾਂ 'ਚ ਤੇ ਪਰਚਾ ਉਹ ਸ਼ਬਦ ਦਾ ਸਦਾ ਸਦਾ ਆਪਣੇ ਅੰਦਰ ਘਰ ਕਰੀ ਰਖਦੇ ਨੇ।

ਅਕਾਲ ਪੁਰਖ (ਬਾਬੇ ਦਾ ਸ਼ਬਦ) ਆਦਿ-ਮਧ-ਅੰਤ ਏ । ਅਰਥਾਤ ਉਸਦੇ ਗੁਣ 'ਬੇਅੰਤਾ ਬੇਅੰਤ ਨੇ ।' ਅਪਾਰ ਵਾਹਿਗੁਰੂ ਤੋਂ ਨਾਨਕ-ਗੁਰੂ ਸਦ ਵਾਰਨੇ ਜਾਂਦਾ ਏ ।

ਕਥਨ ਨਾ ਜਾਇ ਅਕਥ ਸੁਆਮੀ ਸਦਕੇ ਜਾਇ ਨਾਨਕ ਵਾਰਿਆ ।। ਵਸ ਤੋਂ ਬਾਹਰ ਪਰਮ ਅਕਾਲ ਦੇ ਹੁਕਮ ਨੂੰ ਮੰਨ ਉਹੀ ਸਨਮੁਖ ਸ਼ੁਕਰ ਕਰਦਾ ਏ ਜਿਸਨੂੰ ਉਹ ਆਪ ਹੁਕਮ ਮੰਨਵਾਉਂਦਾ ਏ । ਨਿਰਗੁਣ ਤੇ ਸਰਗੁਣ ਬ੍ਰਹਮ ਵਾਹਿਗੁਰੂ ਤੋਂ ਹੀ ਸਮੂਹ ਦ੍ਰਿਸ਼ਟੀ ਦੀ ਉਤਪਤੀ ਹੋਈ ਏ ਤੇ ਉਸੇ ਨਾਲ ਲਿਵ ਸਾਨੂੰ ਸੰਪੂਰਨਤਾ ਦੇ ਦਾਇਰੇ ਤਕ ਅਪੜਾਂਦੀ ਏ । ਹੋਰ ਸੰਮੂਹ ਕਾਰ, ਵਿਹਾਰ, ਸਦਾਚਾਰ ਤੇ ਅਚਾਰ ਨਿਹਫ਼ਲ (ਫਲ-ਰਹਿਤ) ਨੇ ਉਸ ਨਾਲ ਲਿਵ ਨਹੀਂ ਲਗੀ । ਗੁਰੂ ਬਾਬਾ ਜੀ ਨੇ ਸ਼ਬਦ ਨਾਲ ਲਿਵ ਨੂੰ ਪਦਾਰਥਵਾਦ ਪਸਾਰੇ ਤੋਂ ਉਪਰ ਦਸਿਆ । ਸਮੂਹ ਸੰਸਾਰ ਦੇ ਵਿਸ਼ੇ ਵਿਕਾਰ ਪਰਮ-ਭਗਤੀ ਸਾਹਮਣੇ ਹੀਣ ਨੇ, ਅਰਥਾਤ ਸਮੂਹ ਸ੍ਰਿਸ਼ਟੀ-ਪਸਾਰੇ ਨੂੰ ਕੂੜ ਵਰਨਣ ਕਰ ਅੰਤ ਵਿਚ ਇਹੋ ਆਖਿਆ :

ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ

ਸੂਖਸ਼ਮ ਹਉਮੈ ਸਾਰੇ ਸੰਸਾਰ ਤੇ ਭਾਵੀ ਬਣੀ ਬੈਠੀ ਏ । ਸਾਰਾ ਬ੍ਰਹਮ-ਪਸਾਰਾ ਬ੍ਰਹਮ ਵਾਹਿਗੁਰੂ ਨੂੰ ਬੇਪਛਾਣੀ ਜਿਹੀ ਅਹਿਮੀਅਤ ਵਿਚ ਸਾਹਮਣੇ ਰਖ


www.AKJ.Org

ਦੁਨਿਆਵੀ ਵਿਕਾਰਾਂ ਵਿਚ ਖੱਚਤ ਏ। ਪਰ ਇਹ ਵੀ ਸਭ ਉਸੇ ਦੀ ਹੀ ਲੀਲਾ ਏ ਤੇ ਉਹ ਆਪ ਆਪਣਾ ਖੇਲ ਰਚਾ, ਤਮਾਸ਼ਾ ਵੇਖ ਰਿਹਾ ਏ।

ਗੁਰੂ ਬਾਬੇ ਦੀ ਆਦਿ-ਫਿਲਾਸਫੀ ਅੰਧ-ਵਿਸ਼ਵਾਸ ਨਹੀਂ ਬਲਕਿ ਸਮੇਂ ਦੀ ਅਗਾਹ ਵਧੂ ਧਾਰਾਵਾਂ ਨੂੰ ਨੇੜੇ ਲਿਆਂਦੀ ਹੋਈ ਸਮੂਹ ਕਰਮ-ਕਾਂਡ ਤੇ ਪੂਜਾ ਦੇ ਫੋਕਟ ਵਸੀਲਿਆਂ ਦਾ ਖੰਡਨ ਕਰਦੀ ਏ। ਮਾਇਆਵਾਦ ਵਿਚ ਸਮੂਹ ਖਲੇਰਾ ਪਖੰਡ-ਖਲੇਰਾ ਏ ਤੇ ਇਸ ਲਈ ਅਸਲਵਾਦ ਨਾਮ ਜਪਣਾ, ਵੰਡ ਛਕਣਾ, ਕਿਰਤ-ਕਰਨੀ) ਨੂੰ ਸਮਝਣ ਤੋਂ ਅਸਮਰਥ ਏ। ਉਹ ਜਦ ਤਕ ਸਤਿ-ਗੁਰੂ ਦੀ ਸ਼ਰਣ ਨਹੀਂ ਆਉਂਦਾ ਉਸ ਨੂੰ ਅਲੱਖ ਪਾਰਬ੍ਰਹਮ ਦੀ ਸੋਝੀ ਨਹੀਂ ਹੋ ਸਕਦੀ। ਤੇ ਸਿਟੇ ਵਜੋਂ ਉਹ ਫੋਕਟ ਕਰਮ ਕਾਂਡ ਤੇ ਬੇਫਾਇਦਾ ਹਉਮੈ ਉਪਜਾਊ ਪਾਖੰਡ ਨਹੀਂ ਛਡ ਸਕਦਾ।

ਗੁਰੂ ਬਾਬੇ ਦੀ ਆਦਿ-ਫਿਰਸਫੀ ਦਾ ਦ੍ਰਿਸ਼ਟੀ-ਕੋਣ ਬਹੁਤ ਡੂੰਘਾ ਤੇ ਸਤਾਅ ਬਹੁਤ ਸਥਿਰ ਸੀ। ਜੇ ਪਰਮ-ਪ੍ਰਤਾਮਾ ਦੀ ਹੋਂਦ ਘਟਿ ਘਟਿ ਵਿਖੇ ਵੇ, ਸਥਿਰ ਏ ਤਾਂ ਉਸ ਦਾ ਹੁਕਮ ਵੀ ਮੇਟਿਆ ਨਹੀਂ ਜਾ ਸਕਦਾ ਤੇ ਮਨੁਖ ਨੇ ਉਸੇ ਰਜ਼ਾ ਵਿਚ ਚਲਣਾ ਏ ਨਹੀਂ ਤੇ ਹਰਖ-ਸੋਗ ਤੋਂ ਨਿਆਰੇ ਨਹੀਂ ਹੋਇਆ ਜਾ ਸਕਦਾ। ਉਸ ਦੀ ਰਜ਼ਾ ਵਿਚ ਤਾਹੀਓਂ ਰਿਹਾ ਜਾ ਸਕਦਾ ਏ ਜੇ ਅਸੀਂ ਆਪਾ-ਤਿਆਗ ਆਪਣਾ ਆਪ ਪਰਮ-ਪ੍ਰਮਾਤਮਾ ਦੇ ਚਰਨਾ ਵਿਚ ਅਰਪਣ ਕਰੀਏ। ਹੁਕਮ (ਰਜ਼ਾ) ਵਿਚ ਹੀ ਚਲਣ ਨਾਲ ਆਤਮਿਕ ਆਨੰਦ, ਖੇੜੇ ਤੇ ਸਹਿਜ-ਬੈਰਾਗ ਉਪ-ਜਦਾ ਏ ਤੇ ਇਹੋ ਸਭ ਕੁਝ ਹੀ ਹਰ ਫਲਸਫੇ ਦੀ ਦੀ ਸਿਖਰ ਹੁੰਦੀ ਏ।

ਆਦਿ-ਫਿਲਾਫੀ ਦੀ ਸਮਝ ਸਿਮਰਣ-ਜੁਗਤਿ ਤੋਂ ਬਿਨਾ ਨਹੀਂ ਆ ਸਕਦੀ। ਭੁਖ, ਦੁਖ, ਤੇ ਤ੍ਰਿਸ਼ਨਾ ਸਿਮਰਣ ਜੁਗਤ ਪਛਾਣਿਆ ਹੀ ਕਾਬੂ ਕੀਤੇ ਜਾ ਸਕਦੇ ਨੇ। ਅਰਥਾਤ ਆਦਿ-ਫਿਲਾਸਫੀ ਦੀ ਡੂੰਘੀ ਪਛਾਣ ਸਾਰੇ ਦੁਖਾਂ ਕਲੇਸ਼ਾਂ ਦਾ ਨਾਸ ਕਰਦੀ ਏ। ਨਾਨਕ-ਬਾਣੀ ਆਦਿ-ਫ਼ਿਲਾਸਫੀ ਦਾ ਉਹ ਦਾਰਸ਼ਨਿਕ-ਪੱਖ ਦਸਦੀ ਏ। ਜੋ ਨਿਰੋਲ ਏਕ ਅਨੇਕ ਤੇ ਅਨੇਕ-ਏਕ ਦਾ ਭੇਤ ਵਰਨਦੀਏ। ਇਸ ਫਲਸਫ਼ੇ ਨੂੰ ਅਪਨਾਣ ਨਾਲ ਬ੍ਰਹਮਵਾਦ ਦੇ ਡੂੰਘੇ ਭੇਤਾਂ ਦਾ ਪਤਾ ਚਲਦਾ ਏ। ਬ੍ਰਹਮ-ਅਰਾਧਨਾ ਇਤਨੀ ਸੂਖਮ ਹੁੰਦੀ ਹੋਈ ਵੀ ਇਤਨੀ ਸਥਿਰਤਾ ਲਿਆ ਦੇਂਦੀ ਏ ਕਿ ਬ੍ਰਹਮ-ਆਰਾਧਨਾ ਤੋਂ ਉਪਰੰਤ ਕਿਸੇ ਵੀ ਕਰਮ ਕਾਂਡ ਦੀ ਵਿਸ਼ੇਸ਼ਤਾ ਬਾਕੀ ਨਹੀਂ ਰਹਿ ਜਾਂਦੀ। ਆਦਿ ਫ਼ਿਲਾਸਫ਼ੀ ਦੀ ਸੰਪੂਰਨ ਪਛਾਣ ਨਾਮ ਜਪਣਾ, ਵੰਡ ਛਕਣਾ ਤੇ ਕਿਰਤ ਆਦਿ ਗੁਣਾਂ ਨੂੰ ਜਨਮ ਦਿੰਦੀ ਏ। ਆਦਿ-ਫ਼ਿਲਾਸਫ਼ੀ ਦੀ ਪਛਾਣ ਹਿੰਦੂ ਨੂੰ ਪਰਮ-ਹਿੰਦੂ ਤੇ ਮੁਸਲਮਾਨ ਨੂੰ ਪੂਰਨ ਮੁਸਲਮਾਨ ਦਾ ਦਰਜਾ ਦੇਵੇਗੀ। ਅਰਥਾਤ ਆਦਿ-ਫ਼ਿਲਾਸਫ਼ੀ ਦੂਜੇ ਪਖੋਂ ਪ੍ਰੇਮ-ਮਾਰਗ ਏ ਜੋ ਅਗਿਆਨ-ਅੰਧੇਰਾ ਦੂਰ ਕਰਕੇ ਭਰਮ ਭਉ ਨੂੰ ਨਾਸ ਕਰਦਾ ਹੋਇਆ ਆਮ-ਮਨੁਖੀ ਮਨਾਂ ਨੂੰ ਮਾਂਜਦਾ ਏ।

ਆਦਿ-ਫ਼ਿਲਾਸਫ਼ੀ ਨੇ ਸਾਰੇ ਵਰਣਾਂ ਨੂੰ ਇਹ ਅਧਿਕਾਰ ਦਿਤੇ ਕਿ ਉਹ ਸਿਮਰਨ ਜੁਗਤਿ ਪਛਾਣ ਸਕਣ। ਅਰਥਾਤ ਸ਼ਬਦ ਬਾਬੇ ਦਾ ਸਾਰਿਆਂ ਦਾ 'ਸਾਂਝਾ ਬਾਪ' ਏ। ਜੋ ਵੀ ਆਪਾ-ਤਿਆਗ ਸਤਿਗੁਰੂ ਤਨ, ਮਨ, ਧਨ ਨਾਲ ਸੇਵਾ ਕਰੇਗਾ, ਉਸੇ ਨੂੰ ਨਉਨਿਧੀਆਂ ਅਠਾਰਾਂ ਸਿਧੀਆਂ ਦੀ ਪ੍ਰਾਪਤੀ ਹੋਵੇਗੀ।


www.AKJ.Org

'ਆਦਿ' ਦੀ ਆਰਾਧਨਾ ਘਰ ਬਾਹਰ ਤਿਆਗ ਕੇ ਨਹੀਂ ਹੋ ਸਕਦੀ ਸਗੋਂ ਗ੍ਰਿਹਸਥ ਵਿਚ ਹੀ ਕੰਵਲ ਵਾਂਗ ਰਹਿ, ਕਿਰਤ-ਸੋਮਾ ਨਿਖੇੜ ਭਵ-ਸਾਗਰ ਤਰਿਆ ਜਾ ਸਕਦਾ ਏ। ਜੇ ਘਰ ਬਾਹਰ ਤਿਆਗ, ਸੰਨਿਆਸੀ ਬਣ ਮੰਗਣ ਫਿਰ ਗ੍ਰਿਹਸਥੀਆਂ ਕੋਲ ਹੀ ਜਾਣਾ ਏ ਤਾਂ ਇਸ ਨਾਲੋਂ ਗ੍ਰਿਹਸਥ ਵਿਚ ਹੀ ਰਹਿ ਆਪਣੀ ਉਪਜੀਵਕਾ ਦਾ ਆਪ ਪ੍ਰਬੰਧ ਕਰਨਾ ਹੋਵੇਗਾ। ਡਾ: ਕਾਲਾ ਸਿੰਘ ਬੇਦੀ ਪੁਸਤਕ ਗੁਰੂ ਨਾਨਕ ਨਿਰੰਕਾਰੀ ਸਫ਼ਾ 97 ਵਿਚ ਇਸ ਸਿਧਾਂਤ ਨੂੰ ਇੰਜ ਲਿਖਦੇ ਨੇ :–

'ਤਿਆਗਵਾਦ ਮੁਕਤੀ ਦਾ ਕਾਰਨ ਨਹੀਂ, ਸਗੋਂ ਗ੍ਰਿਹਸਥ ਵਿਚ ਰਹਿੰਦਿਆਂ, ਕਰਤੱਵ ਦਾ ਪਾਲਣ ਕਰਦਿਆਂ ਮਨੁਖ ਪ੍ਰਮਾਤਮਾਂ ਨੂੰ ਜਲਦੀ ਹੀ ਪਾ ਲੈਂਦਾ ਹੈ, ਘਰ ਬਾਰ ਛਡ ਕੇ ਸਾਧੂ ਹੋਣਾ ਠੀਕ ਨਹੀਂ ਕਿਉਂਕਿ ਇੰਜ ਮਨੁਖ ਕਾਇਰਤਾ ਦੇ ਅਧੀਨ ਹੋ ਕੇ ਆਪਣੇ ਕਰਤਵਾਂ ਨੂੰ ਭੁਲ ਜਾਂਦਾ ਹੈ।'

ਪਦਾਰਥਵਾਦ ਦੇ ਪਸਾਰੇ ਵਿਚ ਵਿਚਰਦੇ ਹੋਏ ਵੀ, ਨਾਮ-ਜਪਣ ਦੀ ਹੈਸੀਅਤ ਵਿਚ ਅਸੀਂ ਕੂੜੇ ਹੀ ਰਹਾਂਗੇ। ਅਰਥਾਤ ਸੁਖੈਨ ਜ਼ਿੰਦਗੀ ਦੇ ਸਿਧਾਂਤ ਆਪਣੇ ਅੰਦਰ ਘਰ ਕਰਨ ਲਈ ਆਦਿ-ਪੁਰਖ (ਪਰਮ-ਪ੍ਰਮਾਤਮਾ) ਦੀ ਬੰਦਗੀ ਬਹੁਤ ਜ਼ਰੂਰੀ ਏ ਤੇ ਇਸਤੋਂ ਬਿਨਾਂ ਮਨਮੁਖੀ ਨਰਾਂ ਦਾ ਹਾਲ ਕੂਕਰਾਂ ਤੇ ਸੂਕਰਾਂ (ਕੁਤਿਆਂ ਤੇ ਸੂਰਾਂ) ਤੋਂ ਵੀ ਭੈੜਾ ਹੋਵੇਗਾ। 'ਆਦਿ' ਘਟਿ ਘਟਿ ਵਿਆਪਕ, ਅੰਤਰਜਾਮੀ ਹੁੰਦਾ ਹੋਇਆ ਸਰਬ ਕਲਾ ਸਮਰਥ ਏ। ਅਸਾਂ ਜੋ ਕੁਛ ਵੀ ਚਿਤਵਣਾ ਏ, ਉਸੇ ਦੇ ਦਰੋਂ ਹੀ ਚਿਤਵਣਾ ਏਂ ਤੇ ਹੋਰ ਭੇਖੀ ਦਾਤਿਆਂ ਦੇ ਮਗਰ ਨਹੀਂ ਲਗਣਾ।

ਆਦਿ-ਫ਼ਿਲਾਸਫ਼ੀ ਬਾਬਤ ਜਿਤਨਾ ਕੁਛ ਲਿਖਿਆ ਜਾਵੇ ਥੋੜਾ ਏ। ਚੂੰਕਿ ਗੁਰੂ ਨਾਨਕ-ਬਾਣੀ ਦਾ ਮੁਖ ਵਿਸ਼ਾ ਹੀ ਆਦਿ-ਫ਼ਿਲਾਸਫ਼ੀ ਏ, ਅਰਥਾਤ ਸਮਾਜ ਤੇ ਵਕਤ ਦੀ ਸਮੂਹ ਅਲੋਚਨਾ ਤੋਂ ਬਾਅਦ ਤੱਤ ਆਦਿ ਦੀ ਆਰਾਧਨਾ ਅਰਥਾਤ ਸਿਮਰਨ ਜੁਗਤਿ ਹੀ ਦਸਿਆ ਏ। ਆਪ ਜੀ ਨੇ ਸਬਦ ਸੁਰਤਿ ਤੇ ਸਿਮਰਨ-ਜੁਗਤਿ ਦੀ ਪਛਾਣ ਕਰਵਾ ਉਸ ਫ਼ਲਸਫ਼ੇ ਨੂੰ ਪ੍ਰਕਾਸ਼ਮਾਨ ਕੀਤਾ ਜਿਸ ਨੇ ਮਨੁਖਵਾਦ ਲਈ ਸੁਚੱਜੀ ਰਹਿਣੀ ਬਹਿਣੀ ਦੀ ਅਗਵਾਈ ਸੰਭਾਲੀ।

ਆਦਿ-ਫ਼ਿਲਾਸਫ਼ੀ ਆਪਣੇ ਆਪ ਵਿਚ ਇਤਨੀ ਸੰਪੂਰਨ ਏ ਕਿ ਹੋਰ ਕਰਮ ਕਾਂਡ ਤੇ ਪਦਾਰਥਵਾਦ ਉਸਦੀ ਵਿਸ਼ਾਲਤਾ ਸਾਹਮਣੇ ਹੀਣ ਨੇ। ਉਸ ਅਲੱਖ ਵਾਹਿਗੁਰੂ ਦੀ ਲੀਲਾ ਵੀ ਅਤਿਅੰਤ ਅਲੱਖ ਏ :

ਲਖੀ ਨਾ ਜਾਇ ਨਾਨਕ ਲੀਲਾ।

ਉਹ ਸੁੰਦਰ ਗਹਿਰ ਗੰਭੀਰ ਲਾਲ ਏ, ਉਸ ਦਾ ਨਾਮ ਅਮੋਲਕ ਏ ਜਿਸਦਾ ਮੁਲ ਹੀਰੇ ਰਤਨਾਂ ਜਵਾਹਰਾਂ ਦੇ ਵੀ ਤੁਲ ਨਹੀਂ।

ਸ਼ਬਦ-ਵਾਹੁ, ਸਿਮਰਨ ਜੁਗਤਿ ਦਰਸਾਉਂਦਾ ਹੋਇਆ ਮੁੜ ਆਪਣੇ ਆਪ ਵਿਚ ਹੀ ਲੀਨ ਕਰ ਲੈਂਦਾ ਏ ਤੇ ਇਸ ਫ਼ਿਲਾਸਫ਼ੀ ਦਾ ਧਾਰਨੀ ਇਤਨਾ ਨਿਰਭੈ ਤੇ ਇਤਨਾ ਸੂਰਾ ਬਣ ਜਾਂਦਾ ਏ ਕਿ ਦੁਨੀਆਂ ਦੇ ਡਰ, ਪਾਪ, ਕਿਲਵਿਖ ਕਲੇਸ਼ ਉਸ ਤੋਂ ਦੂਰ ਰਹਿੰਦੇ ਨੇ। ਉਸਨੂੰ ਨਾਮ ਰਸ ਦੀ ਖੁਮਾਰੀ ਚੜ੍ਹੀ ਰਹਿੰਦੀ ਏ :

ਇਸ ਫ਼ਿਲਾਸਫ਼ੀ ਦਾ ਧਾਰਨੀ ਅੰਮਿਓ ਰਸ ਪੀ ਪੀ ਮਤਵਾਲਾ ਹੁੰਦਾ ਏ, ਉਸਦੀ ਅਵਸਥਾ ਇੰਜ ਏ ਜਿਵੇਂ ਗੂੰਗੇ ਨੇ ਮਠਿਆਈ ਖਾਧੀ ਹੋਵੇ।


www.AKJ.Org

ਇਹੁ ਹਰਿ ਰਸ ਸੋਈ ਜਾਣਦੇ
ਜਿਉ ਗੂੰਗੇ ਮਠਿਆਈ ਖਾਈ ।

ਇਸ ਆਦਿ ਫ਼ਿਲਾਸਫ਼ੀ ਦੇ ਧਾਰਨੀ ਦਾ ਬੋਲਣਾ ਪਤਿ, ਕਰਮ ਸਤਿ ਤੇ ਨੇਮ ਦਾ ਜੱਤ ਸਦਾ ਸਦਾ ਕਾਇਮ ਰਹਿੰਦਾ ਹੈ । ਉਹ ਆਪਣਾ ਆਪ ਹੰਸਲੇ ਗੁਰਸਿਖਾਂ 'ਚ ਲਿਜਾ ਨਿਤ ਹੀਰੇ ਮੋਤੀ ਵਣਜਦਾ ਏ : ਗੁਰਮੁਖਿ ਵਸਤੁ ਪ੍ਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ਤੇ ਸਹੀ ਲਫ਼ਜ਼ਾਂ ਵਿਚ ਬੇਅੰਤ ਦੇ ਹੁਕਮਾਂ 'ਚ ਅਜੇਹਾ ਲਿਵਲੀਨ ਹੁੰਦਾ ਏ ਜੋ ਉਸਦੀ ਸੁਰਤ ਚਰਨ ਕੰਵਲਾਂ ਵਿਚ, ਦਰਸ਼ਨ ਸਾਧ ਸੰਗਤਿ ਦੇ ਤੇ ਪਰਚਾ ਸ਼ਬਦ ਦਾ ਹੁੰਦਾ ਏ । ਉਹ ਆਦਿ-ਫ਼ਿਲਾਸਫ਼ੀ 'ਚ ਗ਼ਲਤਾਨ ਹੋ ਆਪਣਾ ਆਪ ਸੋਧਦਾ ਏ ਅਤੇ ਨਾਲ ਆਪਣੇ ਆਲੇ ਦੁਆਲੇ ਸੁਗੰਧ ਖਲੇਰਦਾ ਏ ।

ਅਰਥਾਤ 'ਆਦਿ' ਤੇ ਉਸਦੇ ਭਗਤਿ ਜਨ ਕੀਰਤ ਕਰਦੇ ਕਰਦੇ ਇਕ ਰੂਪ ਹੋ ਜਾਂਦੇ ਨੇ :

ਜੁਗਹ ਜੁਗੰਤਰਿ ਭਗਤ ਤੁਮਾਰੇ ॥
ਕੀਰਤ ਕਰਹਿ ਸੁਆਮੀ ਤੇਰੈ ਦੁਆਰੇ ॥

ਅਤਿਕਥਨੀ ਨਹੀਂ, ਮਾਰਨ-ਜੀਵਾਲਨ ਵਾਲੇ ਸਮਰਥ ਪੂਰਨ ਪ੍ਰਮਾਤਮਾ ਦੇ ਰੰਗ ਸਮਝੋ ਬਾਹਰ ਨੇ । ਉਸਦੀ ਹੋਂਦ ਬੜੀ ਮਿਠਾਸ ਭਰੀ, ਰੋਮ ਰੋਮ ਵਿਚ ਖੇੜਾ ਬਖ਼ਸ਼ਣ ਵਾਲੀ ਏ । ਉਹ ਅਕਿਰਤਘਣਾਂ ਨੂੰ ਆਪਣੀ ਸੰਗਤ ਵਿਚ ਰਲਾ ਸਦਾ ਸਦਾ ਸੁਮੱਤ ਬਖ਼ਸ਼ਦਾ ਏ । ਉਸਦਾ ਹੁਕਮ ਸ੍ਰੇਸ਼ਟ ਏ ਤੇ ਹੁਕਮ ਉਹ ਆਪ ਹੀ ਮੰਨਵਾਉਂਦਾ ਏ । ਇਸ ਆਦਿ ਫ਼ਿਲਾਸਫ਼ੀ ਦੀ ਤਾਂ ਹੀ ਸੋਝੀ ਹੋ ਸਕਦੀ ਏ ਜੇ ਸਚੇ ਸਤਿਗੁਰ ਦੀ ਚਰਨ ਸ਼ਰਨ ਵਿਚ ਰਹੀਏ ਅਤੇ ਆਪਾ ਤਿਆਗ ਹਉਮੈ ਕਾਮ-ਕ੍ਰੋਧ ਨਿੰਦਾ ਜਿਹੇ ਕੁਕਰਮਾਂ ਤੋਂ ਬਚੀਏ । ਗੁਰ ਬਾਬਾ ਜੀ ਆਪ ਵੀ ਇਹੋ ਜਾਚਨਾ ਕਰਦੇ ਨੇ :

ਨਾ ਹਉ ਜਤੀ ਸਤੀ ਨਹੀ ਪੜਿਆ
ਮੂਰਖ ਮੁਗਧਾ ਜਨਮੁ ਭਇਆ ॥
ਪ੍ਰਣਵਤਿ ਨਾਨਕ ਤਿਨ ਕੀ ਸਰਣਾ
ਜਿਨਿ ਤੂ ਨਾਹੀ ਵੀਸਰਿਆ ॥

ਸੋ ਬੇਅੰਤ ਦੀ ਬੇਅੰਤਤਾ ਅਲੱਖ ਏ ਤੇ ਉਹ ਤੇ ਉਹਦਾ ਪਸਾਰਾ ਉਸੇ ਦੇ ਹੀ ਵਖੋ ਵਖਰੇ ਰੂਪ ਨੇ, ਅਰਥਾਤ :

ਆਪੇ ਰੂਪ ਕਰੇ ਬਹੁ ਭਾਤੀ ਨਾਨਕ ਬਪੁੜਾ ਏਵ ਕਹੈ ।

—o—

# ਕਰਨਾਲ ਵਿਖੇ ਰੈਣ ਸਬਾਈ ਕੀਰਤਨ

ਕਰਨਾਲ ਨਿਵਾਸੀ ਸੰਗਤਾਂ ਦੀਆਂ ਅੰਤ੍ਰੀਵੀ ਹੁਬਾਂ ਅਨੁਸਾਰ ਅਖੰਡ ਕੀਰਤਨ ਰੈਣ ਸਬਾਈ ਦੀਆਂ ਅਗੰਮੀ ਧੁਨੀਆਂ ਅਲੌਕਿਕ ਛਹਿਬਰਾਂ ਦਿਲੀ, ਲੁਧਿਆਣਾ, ਬਰੇਲੀ ਆਦਿ ਸ਼ਹਿਰਾਂ ਤੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਅਖੰਡ ਕੀਰਤਨੀਏ ਸਿੰਘ ਹੇਠ ਲਿਖੇ ਅਸਥਾਨ ਤੇ ਪੁਜ ਕੇ **13 ਸਤੰਬਰ 1969** ਸਨੀਚਰਵਾਰ ਰਾਤ ਦੇ ਨੌ ਵਜੇ ਤੋਂ ਸਵੇਰੇ ਤੀਕ ਕੀਰਤਨ ਛਹਿਬਰਾਂ ਲਾਣਗੇ ।

ਪ੍ਰਵਾਰਾਂ ਸਹਿਤ ਆਓ ਜੀ ਤਾਂਕਿ ਕੀਰਤਨ ਕਲੋਲਾਂ ਸੰਗ ਅਨੰਦਿਤ ਹੋਵੀਏ ਤੇ ਦੀਦਾਰ ਖਾਲਸੇ ਦੇ ਰੰਗ ਮਾਨੀਏ ।

ਪੁਛ ਗਿਛ ਲਈ—ਸੂਰਤ ਸਿੰਘ ਪੂਰਨ ਤੇ ਬੀਬੀ ਭੂਪਿੰਦਰ ਕੌਰ,
101 ਏ, ਮਾਡਲ ਟਾਊਨ, ਕਰਨਾਲ ।
ਸ: ਸੁਰਜਨ ਸਿੰਘ, ਨੈਸ਼ਨਲ ਆਟੋ ਸਟੋਰਜ਼, ਕਰਨਾਲ ।

ਕੀਰਤਨ ਅਸਥਾਨ
ਦਾਸ—ਸ਼ਾਮ ਸਿੰਘ ਅਰਜ਼ੀ ਨਵੀਸ,
ਮਕਾਨ ਨੰ: ਏ-501, ਸਦਰ ਬਜ਼ਾਰ, ਕਰਨਾਲ ।


www.AKJ.org

# ਸਿਖ ਧਰਮ ਤੇ ਬੁਤ-ਪ੍ਰਸਤੀ–੨

(ਵਲੋਂ–ਭਾਈ ਜਗਤਾਰ ਸਿੰਘ, ਰੇਲਵੇ ਗਾਰਡ, ਕੋਟਾ (ਰਾਜਸਥਾਨ)

ਰੱਬ ਜਾਂ ਰੱਬ ਦਾ ਅਵਤਾਰ ਕਰਕੇ ਮਨੀ ਜਾਣ ਵਾਲੀਆਂ ਹਸਤੀਆਂ ਦਾ ਕਾਲ-ਗ੍ਰਸ ਹੋਣਾ ਵਿਸਥਾਰ ਸਹਿਤ ਦਰਸਾ ਕੇ ਸ੍ਰੀ ਦਸਮੇਸ਼ ਜੀ ਸਰਗੁਨ ਉਪਾਸ਼ਨਾ ਦਾ ਪੁਰਜ਼ੋਰ ਖੰਡਨ ਕਰਦੇ ਹਨ। ਯਥਾ :

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ।
ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ ਕਾਲ ਹੀ ਪਾਇ ਭਯੋ ਜੁਗੀਆ ਹੈ।
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ।
ਔਰ ਸੁ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ।

ਸਾਰੇ ਸੰਸਾਰ ਦੀ ਸ਼ਕਤੀ ਰਖਣ ਵਾਲਾ ਬਿਸ਼ਨ, ਸ਼ਿਵਜੀ, ਬ੍ਰਹਮਾ, ਦੇਵਤੇ ਦੈਂਤ, ਰਾਗੀ, ਸਾਰੇ ਜਹਾਨ ਦੀਆਂ ਦਸ ਦਿਸਾਂ ਇਹ ਸਭ ਕਾਲ ਦੇ ਗੇੜ ਵਿਚ ਹਨ। ਕਾਲ-ਰਹਿਤ ਹੈ ਤਾਂ ਕੇਵਲ ਅਕਾਲ ਪੁਰਖ ਹੀ ਹੈ।

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੋ ਕਿਹ ਕੁੰਟ ਕਹੋ ਭਜ ਜਈਐ।
ਆਗੇ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿ ਅਈਐ।
ਐਸੋ ਨ ਕੈ ਗਯੋ ਕੋਈ ਸੁ ਕਾਵ ਰੇ ਜਾਹਿ ਉਪਾਵ ਸੋ ਘਾਵ ਬਚਈਐ।
ਜਾਂਤੇ ਨਾ ਛੂਟੀਐ ਮੂੜ ਕਹੂੰ ਹਸ ਤਾਂਕੀ ਨਾ ਕਿਉਂ ਸਰਣਗਾਤਿ ਪਈਐ।

ਕਾਲ ਦਾ ਬੰਧਨ ਸਾਰੀ ਦ੍ਰਿਸਮਾਨ ਸ੍ਰਿਸ਼ਟੀ ਤੇ ਐਸਾ ਹੈ ਕਿ ਕੋਈ ਕਿਸੇ ਪਾਸੇ ਨਸ ਕੇ ਇਸ ਤੋਂ ਬਚ ਨਹੀਂ ਸਕਦਾ ਜਿਥੇ ਜਾਈਏ ਓਥੇ ਹੀ ਕਾਲ ਹੈ। ਹੇ ਮੂੜ੍ਹ ਮਨੁਖ। ਫੇਰ ਖੁਸ਼ੀ ਖੁਸ਼ੀ ਇਕ ਅਕਾਲ ਦੀ ਸ਼ਰਨ ਕਿਉਂ ਨਾਹੀਂ ਤਕਦਾ ?

ਕ੍ਰਿਸ਼ਨ ਔ ਬਿਸ਼ਨ ਜਪੇ ਤੁਹਿ ਕੋਟਿਕ ਰਾਮ ਰਹੀਮ ਭਲੀ ਬਿਧਿ ਧਯਾਯੋ।
ਬ੍ਰਹਮ ਜਪਿਓ ਅਰੁ ਸੰਭ ਥਪਿਓ ਤਿਹ ਤੇ ਤਹਿ ਕੋ ਕਿਨਹੂੰ ਨਾ ਬਚਾਯੋ।
ਕੋਟ ਕਰੀ ਤਪਸਾ ਦਿਨ ਕੋਟਿਕ ਕਾਹੂੰ ਨਾ ਕੌਡੀ ਕੋ ਕਾਮ ਕਢਾਯੋ।
ਕਾਮ ਕਾ ਮੰਤ੍ਰ ਕਸੀਰੇ ਕੇ ਕਾਮ ਨ ਕਾਲ ਕੋ ਘਾਓ ਕਿਨੂੰ ਨਾ ਬਚਾਯੋ।

ਐਸੇ ਕਾਲ-ਗ੍ਰਸ ਕ੍ਰਿਸ਼ਨ ਬਿਸ਼ਨ ਤੇ ਰਾਮ ਰਹੀਮ ਤੇ ਬ੍ਰਹਮਾਂ ਸ਼ਿਵ ਆਦਿ ਦੀ ਬਥੇਰੀ ਤਪਸਿਆ ਮਨੁਖ ਨੇ ਕੀਤੀ, ਪਰ ਇਹ ਤਪਸਿਆ ਕੌਡੀ ਕੀਮਤ ਦੀ ਨਹੀਂ ਕਿਉਂਕਿ ਇਹ ਆਵਾਗਵਣ ਦੇ ਗੇੜ ਤੋਂ ਆਦਮੀ ਦੀ ਮੁਕਤ ਨਹੀਂ ਕਰ ਸਕਦੀ।


www.AKJ.org

ਕਾਹੇ ਕੋ ਕੂਰ ਕਰੈ ਤਪਸਾ ਇਨਕੀ ਕੋਊ ਕੌਡੀ ਕੇ ਕਾਮ ਨਾ ਐਹੈ ।
ਤੋਹਿ ਬਚਾਇ ਸਕੈ ਕਹੁ ਕੈਸੈ ਆਪਨ ਘਾਵ ਬਚਾਇ ਨਾ ਐਹੈ ।
ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪ ਟੰਗਿਓ ਤਿਮ ਤੋਹਿ ਟੰਗੈ ਹੈ ।
ਚੇਤ ਰੇ ਚੇਤ ਅਜੋ ਜੀਅ ਮੈਂ ਜੜ ਕਾਲ ਕ੍ਰਿਪਾ ਬਿਨ ਕਾਮ ਨ ਐਹੈ ।

ਸਰਗੁਨ ਦੀ ਉਪਾਸ਼ਨਾ ਤਾਂ ਕੂੜੀ ਉਪਾਸ਼ਨਾ ਹੈ, ਇਸ ਦਾ ਰਤਾ ਮਾਤਰ ਭੀ ਲਾਭ ਨਹੀਂ । ਜੇਹੜੇ ਆਪ ਹੀ ਕਾਲ ਦਾ ਖਾਜਾ ਹਨ ਉਹ ਕਿਸੇ ਨੂੰ ਅਮਰ ਕਿਵੇਂ ਕਰ ਸਕਦੇ ਹਨ ? ਜਿਥੇ ਆਪ ਲਟਕਦੇ ਹਨ ਉਥੇ ਉਸ ਨੂੰ ਲਟਕਾਣਗੇ । ਏਸ ਲਈ ਅਕਾਲ ਸੇਵਾ ਦੁਆਰਾ ਅਕਾਲ ਕ੍ਰਿਪਾ ਦਾ ਬਨਣ ਦੀ ਮਨੁਖ ਨੂੰ ਲੋੜ ਹੈ ।

ਸਿਖ ਗੁਰੂ ਸਾਹਿਬਾਨ ਨੇ ਸਪੱਸ਼ਟ ਤੌਰ ਤੇ ਸਰਗੁਣ ਉਪਾਸ਼ਨਾ ਦੀ ਨਿਖੇਧੀ ਕੀਤੀ ਹੈ। ਇਸ ਤਰਾਂ ਦੀ ਕੂੜ ਪੂਜਾ ਤੋਂ ਆਪਣੇ ਸਿਖਾਂ ਨੂੰ ਬਚਾਈ ਰਖਣ ਹਿੱਤ, ਮਤੇ ਕਦੇ ਸਿਖ ਵੀ ਆਪਣੇ ਗੁਰੂਆਂ ਦੇ ਪੰਚ ਭੂਤਕ ਸਰੀਰਾਂ ਦੇ ਚਿਤ੍ਰਾਂ ਦੀ ਪੂਜਾ ਅਰੰਭ ਦੇਣ, ਕਲਗੀਧਰ ਜੀ ਨੇ ਕੈਸੀ ਕਰੜੀ ਚੇਤਾਵਨੀ ਦਿਤੀ ਹੈ :

ਜੋ ਹਮ ਕੋ ਪਰਮੇਸ਼ਰ ਉਚਰਿ ਹੈ ।। ਤੇ ਸਭ ਨਰਕ ਕੁੰਡ ਮਹਿ ਪਰਿ ਹੈ ।।
ਮੋ ਕੌ ਦਾਸ ਤਵਣ ਕਾ ਜਾਨੋ ।। ਯਾ ਮੈ ਭੇਦ ਨ ਰੰਚ ਪਛਾਨੋ ।।
ਮੈਂ ਹੋਂ ਪਰਮ ਪੁਰਖ ਕੋ ਦਾਸਾ ।। ਦੇਖਨ ਆਯੋ ਜਗਤ ਤਮਾਸਾ ।।

ਜੋ ਮੈਨੂੰ ਪਰਮੇਸ਼ਰ ਕਹਿਣਗੇ ਉਹ ਨਰਕਾਂ ਦੇ ਭਾਗੀ ਹੋਣਗੇ । ਮੈਂ ਤਾਂ ਉਸ ਦਾ ਦਾਸ ਹਾਂ, ਇਹ ਨਿਸਚੇ ਕਰਕੇ ਜਾਣੋ । ਮੈਂ ਤਾਂ ਉਸ ਦੇ ਹੁਕਮ ਅਨੁਸਾਰ ਜਗਤ ਤਮਾਸ਼ਾ ਵੇਖਣ ਆਇਆ ਹਾਂ । ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਨੀਚ, ਬੰਦਾ, ਅਕਾਲ ਪੁਰਖ ਦਾ ਦਾਸ ਆਦਿ ਸ਼ਬਦਾਂ ਨਾਲ ਵਰਨਣ ਕੀਤਾ ਹੈ ।

ਜਿਸ ਧਰਮ ਵਿਚ ਸਰਗੁਣ ਉਪਾਸ਼ਨਾਂ ਦੀ ਰਤਾ ਜਿਨੀ ਵੀ ਥਾਂ ਨਹੀਂ, ਉਥੇ ਇਸ ਦੇ ਵਿਗੜੇ ਰੂਪ ਮੂਰਤੀ ਵ ਬੁਤ ਪੂਜਾ ਦੀ ਕੀ ਗੁੰਜਾਇਸ਼ ਹੋ ਸਕਦੀ ਹੈ । ਗੁਰੂ ਨਾਨਕ ਸਾਹਿਬ ਸੰਸਾਰ ਨੂੰ ਸਚ ਦਾ ਉਪਦੇਸ਼ ਦਿੰਦੇ ਜਦ ਜਗਨ ਨਾਥ ਪੁਰੀ ਪੁਜੇ, ਉਥੇ ਦੇ ਇਕ ਮੰਦਰ ਵਿਚ ਲੋਕਾਂ ਨੂੰ ਬੜੇ ਸ਼ਰਧਾ ਪੂਰਬਕ ਵੀਠਲ ਭਗਵਾਨ ਦੀ ਮੂਰਤੀ ਅਗੇ ਆਰਤੀ ਉਤਾਰਦਿਆਂ ਦੇਖ ਕੇ, ਇਹਨਾਂ ਭੁਲੜਾਂ ਦੀ ਤਰਸ ਯੋਗ ਹਾਲਤ ਤੇ ਗੁਰਦੇਵ ਜੀ ਨੂੰ ਤਰਸ ਆਇਆ ਆਪ ਜੀ ਵਜਦ ਵਿਚ ਆ ਕੇ ਨਿਰੰਕਾਰ ਦੀ ਆਰਤੀ ਉਚਾਰਨ ਲਗੇ :

ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ।।੧।।
ਕੈਸੀ ਆਰਤੀ ਹੋਇ ।। ਭਵਖੰਡਨਾ ਤੇਰੀ ਆਰਤੀ ।। ਅਨਹਤਾ ਸਬਦ ਵਾਜੰਤ ਭੇਰੀ ।।

ਫੇਰ ਲੋਕਾਂ ਦੇ ਇਕਠ ਨੂੰ ਸੰਬੋਧਨ ਕਰਕੇ ਉਹਨਾਂ ਦੀ ਕੂੜ ਤਪਸਿਆ ਦਾ ਖੰਡਣ ਕੀਤਾ ਤੇ ਇਕ ਅਕਾਲ ਦੀ ਪੂਜਾ ਦੀ ਪਰੇਰਨਾ ਉਹਨਾਂ ਨੂੰ ਕੀਤੀ, ਜਿਸ ਅਕਾਲ ਦੀ ਆਰਤੀ ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ


www.AKJ.Org

ਕਰ ਰਹੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਅਨੇਕ ਥਾਵੀਂ ਮੂਰਤੀ ਪੂਜਾ ਦਾ ਖੰਡਨ ਆਉਂਦਾ ਹੈ। ਉਦਾਹਰਣ ਵਜੋਂ ਕਬੀਰ ਜੀ ਦਾ ਸ਼ਬਦ :

ਪਾਤੀ ਤੋਰੈ ਮਾਲਿਨੀ, ਪਾਤੀ ਪਾਤੀ ਜੀਉ ॥ ਜਿਸ ਪਾਹਨ ਕਉ ਪਾਤੀ ਤੋਰੈ, ਸੋ ਪਾਹਨ ਨਿਰਜੀਉ ॥

... ... ... ... ... ... ... ... ... ... ... ... ... ... ... ...

ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ। ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ। ਭੋਗਨਹਾਰੇ ਭੋਗਿਆ, ਇਸ ਮੂਰਤਿ ਕੇ ਮੁਖ ਛਾਰੁ ॥
ਮਾਲਿਨਿ ਭੂਲੀ, ਜਗ ਭੁਲਾਨਾ, ਹਮ ਭੁਲਾਨੇ ਨਾਹਿ। ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰ ਹਰਿ ਰਾਇ ॥

ਪਥਰ ਤਾਂ ਮੁਰਦਾ ਹੈ ॥ ਇਸ ਨੂੰ ਗਡ ਕੇ, ਘੜਨਹਾਰੇ ਨੇ, ਇਸ ਦੀ ਛਾਤੀ ਤੇ ਪੈਰ ਰਖ ਕੇ ਇਸ ਦੀ ਮੂਰਤੀ ਘੜੀ ਹੈ। ਜੇ ਇਸ ਵਿਚ ਕੋਈ ਸ਼ਕਤੀ ਹੁੰਦੀ ਤਾਂ ਘੜਨਹਾਰੇ ਨੂੰ ਹੀ ਕਿਉਂ ਨਾ ਮਾਰ ਖਾਂਦੀ। ਭੁਲੜ ਲੋਕ ਚੌਲ, ਦਾਲ, ਲੱਸੀ, ਖਸਤਾ ਤੇ ਪੰਜੀਰੀ ਆਦਿ ਦਾ ਚੜ੍ਹਾਵਾ ਇਸ ਨੂੰ ਚੜ੍ਹਾਉਂਦੇ ਹਨ। ਪਰ ਇਹਨਾਂ ਵਸਤੂਆਂ ਦਾ ਮਜ਼ਾ ਤਾਂ ਪੁਜਾਰੀ ਚਖਦਾ ਹੈ ਤੇ ਕੀ ਮਿਟੀ ਇਸ ਪੱਥਰ ਦੀ ਮੂਰਤੀ ਦੇ ਮੂੰਹ ਪੈਂਦੀ ਹੈ ? ਕੈਸੇ ਇਹ ਬੁਤ ਪੂਜਕ ਭੁਲੇ ਹੋਏ ਹਨ, ਸਾਰਾ ਜਹਾਨ ਹੀ ਮੂਰਤੀ ਪੂਜਕਾਂ ਦਾ ਭੂਲਾ ਹੋਇਆ ਹੈ। ਜੇ ਨਹੀਂ ਭੁਲੇ ਤਾਂ ਕੇਵਲ ਅਕਾਲ ਦੇ ਪੁਜਾਰੀ ਨਹੀਂ ਭੁਲੇ, ਜਿਹਨਾਂ ਨੂੰ ਅਕਾਲ ਨੇ ਆਪਣੀ ਕ੍ਰਿਪਾ ਦੁਆਰਾ ਆਪਣੇ ਪਾਸੇ ਲਾ ਲਿਆ ਹੈ। ਪਾਖਾਨ ਪੂਜਾ ਦਾ ਖੰਡਨ ਦਸਮੇਸ਼ ਜੀ ਨੇ ਤਾਂ ਅਤਿ ਹੀ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਹੈ :

ਕਹਾ ਭਇਓ ਜੋ ਅਤਿ ਹਿਤ ਚਿਤਕਰਿ ਬਹੁਬਿਧਿ ਸਿਲਾ ਪੁਜਾਈ।
ਪਾਨ ਥਕਿਓ ਪਾਹਨ ਕਹ ਪਰਸਤ ਕਛੁ ਕਰਿ ਸਿੱਧ ਨ ਆਈ।
ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ।
ਤਾਂ ਮੈਂ ਕਹਾ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ।

ਸ਼ਰਧਾ ਪੂਰਬਕ ਬਹੁ-ਭਾਂਤ ਪੱਥਰ ਨੂੰ ਪੂਜਣ ਵਾਲੇ ਮਨੁਖ ਤੇ ਇਸ ਅਗੇ ਧੂਪ ਦੀਪ ਕਰਨ ਵਾਲੇ, ਇਹ ਪੱਥਰ ਤਾਂ ਨਿਰਜਿੰਦ ਹੈ, ਇਥੇ ਤਾਂ ਚੇਤਨਤਾ ਹੀ ਨਹੀਂ ਹੈ ਜਿਸ ਤੋਂ ਤੂੰ ਕੁਛ ਪ੍ਰਾਪਤ ਕਰ ਸਕੇਂ।

ਕਾਹੂ ਲੈ ਪਾਹਨ ਪੂਜ ਧਰਿਓ ਸਿਰ ਕਾਹੂ ਲੈ ਲਿੰਗੁ ਗਰੇ ਲਟਕਾਇਓ।
ਕਉ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਣ ਕੋ ਪੂਜਨ ਧਾਇਓ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ।

ਕਿਓਂ ਐਵੇਂ ਪਥਰਾਂ ਨੂੰ ਪੂਜ ਪੂਜ ਸਿਰ ਚੁਕੀ ਫਿਰਦਾ ਹੈ ਤੇ ਗਲ ਵਿਚ ਸ਼ਿਵ ਲਿੰਗ ਲਟਕਾਈ ਫਿਰਦਾ ਹੈਂ। ਇਹ ਬੁੱਤਾਂ ਤੇ ਮੁਰਦਿਆਂ ਦੀ ਕੂੜੀ ਕਾਰ ਰੂਪੀ ਪੂਜਾ ਵਿਚ ਮੂੜ੍ਹ ਮਨੁਖ ਲਗਾ ਹੋਇਆ ਹੈ ਤੇ ਅਕਾਲ ਦੇ ਭੇਦ ਦੀ ਖਬਰ ਇਸ ਨੂੰ ਹੈ ਨਹੀਂ।

ਸੁਆਂਗਨ ਮੈਂ ਪਰਮੇਸੁਰ ਨਾਹੀ, ਖੋਜ ਫਿਰੈ ਸਭ ਹੀ ਕੋ ਕਾਹੀ।
ਅਪਨੋ ਮਨ ਕਰ ਮੋ ਜਿਹ ਆਨਾ, ਪਾਰਬ੍ਰਹਮ ਕੋ ਤਿਨੀ ਪਛਾਣਾ। *


www.AKJ.Org

# ਪਿੰਡ ਸਾਂਧਰਾ ਵਿਖੇ ਰੈਣ ਸਬਾਈ ਕੀਰਤਨ

ਪਿੰਡ ਸਾਂਧਰਾ ਜ਼ਿਲਾ ਹੁਸ਼ਿਆਰਪੁਰ ਵਿਖੇ ਹੋ ਰਹੇ ਗੁਰਮਤ ਸਮਾਗਮ ਤੇ ਰੈਣ ਸਬਾਈ ਕੀਰਤਨ ਦਾ ਪਰੋਗਰਾਮ, ਜੋ ਸੰਗਤਾਂ ਦੀ ਗਿਆਤ ਲਈ ਹੇਠਾਂ ਦਿਤਾ ਜਾਂਦਾ ਹੈ :—

9-10-69 ਦਿਨ ਵੀਰਵਾਰ ਅੰਮ੍ਰਿਤ ਵੇਲੇ 5 ਤੋਂ 8 ਤਕ ਕੀਰਤਨ ਆਸਾ ਜੀ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾ

9-10-69 ਸਵੇਰੇ 6 ਤੋਂ 9 ਕੀਰਤਨ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ।

10-10-69 ਸਵੇਰੇ 5 ਤੋਂ 8 ਕੀਰਤਨ ਆਸਾ ਦੀ ਵਾਰ ਪਿੰਡ ਸ਼ਾਹਪੁਰ ਭਾਈ ਸਾਹਿਬ ਭਾ: ਜਸਵੰਤ ਸਿੰਘ ਜੀ ਦੇ ਗ੍ਰਹਿ ਵਿਖੇ।

10-10-69 ਸ਼ਾਮ ਨੂੰ 6 ਤੋਂ 9 ਵਜੇ ਤਕ ਕੀਰਤਨ ਗੁਰਦਵਾਰਾ ਸਾਹਿਬ ਵਿਖੇ।

11-10-69 ਸਵੇਰੇ ਭੋਗ ਅਖੰਡ ਪਾਠ, ਉਪਰੰਤ ਕੀਰਤਨ ਚੱਲ ਸੋ ਚੱਲ।

11-10-69 ਸ਼ਾਮ ਨੂੰ 7 ਵਜੇ ਕੀਰਤਨ ਰੈਣ ਸਬਾਈ ਜਿਸ ਦਾ ਭੋਗ 12-10-69 ਸਵੇਰੇ 6 ਵਜੇ ਪਵੇਗਾ।

ਨੋਟ—1. ਪਿੰਡ ਸਾਂਧਰਾ, ਜਲੰਧਰ ਤੋਂ ਹੁਸ਼ਿਆਰਪੁਰ ਵਾਲੀ ਸੜਕ ਤੇ ਪਿੰਡ ਨਸਰਾਲਾ ਤੋਂ ਉਤਰ ਕੇ 2 ਮੀਲ ਦੀ ਵਿਥ ਤੇ ਉੱਤਰ ਦੇ ਪਾਸੇ ਹੈ। ਜਲੰਧਰ ਸ਼ਹਿਰ ਤੋਂ ਰੇਲਾਂ ਤੇ ਬਸਾਂ ਸਵੇਰੇ 4 ਵਜੇ ਤੋਂ 9 ਵਜੇ ਤਕ ਮਿਲ ਸਕਦੀਆਂ ਹਨ।

2. ਸੰਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਂਦੇ ਬਿਸਤਰੇ ਆਪਣੇ ਨਾਲ ਲੈ ਕੇ ਆਉਣ ਜੀ। ਰੇਲਵੇ ਸਟੇਸ਼ਨ ਤੇ ਬਸ ਅੱਡੇ ਤੋਂ ਸੰਗਤਾਂ ਨੂੰ ਲਜਾਣ ਦਾ ਬੰਦੋਬਸਤ ਕੀਤਾ ਜਾਏਗਾ। ਫਿਰ ਸੰਗਤਾਂ ਅਗੇ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ ਹੁਮਾ ਕੇ ਦਰਸ਼ਨ ਦਿਉ ਤੇ ਦਾਸ ਦੀ ਹੌਸਲਾ ਵਧਾਈ ਨੂੰ ਪੂਰਾ ਕਰੋ।

ਦਾਸ—ਭਾਈ ਮੇਵਾ ਸਿੰਘ ਪਿੰਡ ਸਾਂਧਰਾ

---

* ਇਨ੍ਹਾਂ ਸਾਂਗਾ ਵਿਚ ਵਾਹਿਗੁਰੂ ਨਹੀਂ ਹੈ, ਭਾਵੇਂ ਜਿਥੇ ਤਕ ਮਰਜ਼ੀ ਕੋਈ ਟਕਰਾਂ ਮਾਰ ਕੇ ਲਭ ਲਵੇ। ਵਾਹਿਗੁਰੂ ਦੀ ਪ੍ਰਾਪਤੀ ਤਾਂ ਅਪਣੇ ਹੀ ਰਿਦਅੰਤਰੋ ਮਨ ਬਸ ਕਰਣ ਨਾਲ ਹੁੰਦੀ ਹੈ।

ਪਖਾਣ ਪੂਜ ਹੌਂ ਨਹੀਂ, ਨ ਭੇਖ ਭੀਜ ਹੌਂ ਕਹੀ।
ਅਨੰਤ ਨਾਮੁ ਰਾਇ ਹੈਂ, ਪਰੱਮ ਪੁਰਖ ਪਾਇ ਹੈਂ।

ਮੈਂ ਪਥਰਾਂ ਦਾ ਪੁਜਾਰੀ ਨਹੀਂ ਹੈ, ਇਹ ਪਾਖੰਡ ਭੇਖ ਮੈਨੂੰ ਕੋਈ ਪ੍ਰਸਨੰਤਾ ਨਹੀਂ ਦਿੰਦੇ। ਮੈਂ ਤਾਂ ਅਕਾਲ ਪੁਰਖ ਦਾ ਜੱਸ ਕਰਕੇ ਅਕਾਲ ਦੀ ਪ੍ਰਾਪਤੀ ਦਾ ਕਾਇਲ ਹਾਂ।

ਇਹ ਪੁਰਜ਼ੋਰ ਬੁੱਤ ਪੂਜਾ ਦਾ ਕੰਡਨ ਹੀ ਨਹੀਂ ਸਗੋਂ ਦਸਮੇਸ਼ ਜੀ ਨੇ ਤਾਂ ਆਪਣੇ ਆਪਨੂੰ ਬੁੱਤਾਂ ਦਾ ਤੋੜਨ ਵਾਲਾ ਵੀ ਆਖਿਆ ਹੈ। ਦੀਨੇ ਤੋਂ ਭੇਜੇ ਗਏ ਔਰੰਗਜ਼ੇਬ ਵਲ ਫਾਰਸੀ ਦੇ ਖਤ (ਜ਼ਫਰਨਾਮਾ) ਵਿਚ, ਗੁਰੂ ਸਹਿਬ ਨੇ ਪਹਾੜੀ ਰਾਜਿਆਂ ਨਾਲ ਯੁੱਧ ਕਰਨ ਦਾ ਤੇ ਉਨ੍ਹਾਂ ਨੂੰ ਸਜ਼ਾ ਦੇਣ ਦਾ ਕਾਰਣ ਇਹ ਵੀ ਦਸਿਆ ਹੈ ਕਿ ਉਹ ਰਾਜੇ ਬੁਤ ਪੂਜ ਹਨ ਤੇ ਮੈਂ ਬੁਤਾਂ ਦਾ ਤੋੜਨ ਵਾਲਾ ਹਾਂ। ਯਥਾ :—

ਕਿ ਆਂ ਬੁਤ ਪ੍ਰਸਤਅਸਤ, ਵ ਮਨ ਬੁਤ ਸ਼ਿਕਸਤ।


www.AKJ.Org

# ☬ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ☬

( ਵਲੋਂ–ਭਾਈ ਜਸਮੇਰ ਸਿੰਘ 'ਪਾਲ' ਹਿਸਟੋਰੀਅਨ, ਚੰਡੀਗੜ੍ਹ )

ਦੁਨੀਆਂ ਵਿਚ ਚਾਰ ਕਿਸਮ ਦੇ ਬੰਦੇ ਹਨ ਪਹਿਲੇ ਉਹ ਜੋ ਆਪਣਾ ਆਪ ਲੁਟਾ ਕੇ ਦੂਜਿਆਂ ਦੀ ਤਕਦੀਰ ਬਣਾਉਂਦੇ ਹਨ। ਜੋ ਸਭ ਕੁਝ ਦੂਜਿਆਂ ਲਈ ਅਰਪਨ ਕਰ ਜਾਂਦੇ ਹਨ। ਆਪਣਾ ਕੁਝ ਨਹੀਂ ਬਣਾਉਂਦੇ ਆਪਣੇ ਬਾਰੇ ਕੁਝ ਨਹੀਂ ਸੋਚਦੇ। ਅਜਿਹੇ ਬੰਦੇ ਆਪ ਤਾਂ ਸੜ ਜਾਂਦੇ ਹਨ ਪਰੰਤੂ ਆਪਣੇ ਦੁਆਲੇ ਬਹਾਰਾਂ ਲੈ ਆਉਂਦੇ ਹਨ। ਅਜਿਹੇ ਬੰਦੇ ਅੱਜ ਦੀ ਦੁਨੀਆਂ ਵਿਚ ਤਾਂ ਮਿਲਦੇ ਹੀ ਨਹੀਂ। ਗੁਰੂ ਗੋਬਿੰਦ ਸਿੰਘ ਜੀ ਇਸੇ ਸ਼੍ਰੇਣੀ ਵਿਚੋਂ ਸਨ। ਦੂਜੇ ਉਹ ਹਨ ਜੋ ਕੁਝ ਕੁ ਆਪਣਾ ਬਣਾਉਂਦੇ ਹਨ, ਕੁਝ ਕੁ ਹੋਰਨਾਂ ਦਾ ਵੀ। ਅਜੇਹੇ ਵੀ ਚੰਗਿਆਂ ਵਿਚ ਹੀ ਸ਼ੁਮਾਰ ਕੀਤੇ ਗਏ ਹਨ। ਪਹਿਲੀ ਕਿਸਮ ਨਾਲੋਂ ਇਹਨਾਂ ਦਾ ਦਰਜਾ ਘਟ ਹੀ ਹੈ। ਤੀਜੀ ਕਿਸਮ ਉਹਨਾਂ ਦੀ ਹੈ ਜੋ ਸਿਰਫ਼ ਆਪਣੇ ਬਾਰੇ ਹੀ ਸੋਚਦੇ ਹਨ। ਸਿਰਫ ਸੁਆਰਥ ਹੀ ਉਨ੍ਹਾਂ ਦਾ ਮੁੱਖ ਮਨੋਰਥ ਹੁੰਦਾ ਹੈ।

ਕੋਈ ਮਰੇ ਕੋਈ ਜੀਵੇ।
ਸੁਥਰਾ ਘੋਲ ਪਤਾਸੇ ਪੀਵੇ।

ਚੌਥੀ ਤਰ੍ਹਾਂ ਦੇ ਉਹ ਬੰਦੇ ਹਨ ਨਾ ਆਪਣਾ ਕੁਝ ਬਣਾਉਂਦੇ ਹਨ ਨਾ ਲੋਕਾਂ ਦਾ ਕੁਝ ਬਣਾਉਂਦੇ ਹਨ। ਅਜੇਹੇ ਬੰਦੇ ਕੋਈ ਮੁੱਲ ਨਹੀਂ ਰਖਦੇ। ਇਸ ਸ਼ਰੇਣੀ ਦੇ ਬੰਦੇ ਨਾ ਕਿਸੇ ਦਾ ਆਸਰਾ ਬਣ ਸਕਦੇ ਹਨ। ਆਸਰਿਆਂ ਦੀ ਲੋੜ ਜਿਊਂਦਿਆਂ ਨੂੰ ਹੁੰਦੀ ਹੈ। ਮੋਏ ਨੇ ਕੀ ਆਸਰਾ ਲੈਣਾ। ਸੋ ਇਸ ਸ਼ਰੇਣੀ ਹੀ ਦੇ ਬੰਦਿਆਂ ਦਾ ਅਸਲ ਟੀਚਾ ਹੀ ਗੁੰਮ ਹੁੰਦਾ ਹੈ। ਨਿਸ਼ਾਨੇ ਬਿਨਾਂ, ਸੇਧ ਬਿਨਾਂ, ਕਿਸੇ ਆਦਰਸ਼ ਬਿਨਾਂ ਮਨੁਖ ਉਸ ਸਮੁੰਦਰੀ ਜਹਾਜ਼ ਵਾਂਗ ਹੈ ਜੋ ਧਰੂ ਤਾਰੇ ਦੀ ਸੇਧ ਤੋਂ ਬਿਨਾਂ ਡੂੰਘੇ ਸਮੁੰਦਰ ਵਿਚ ਫਿਰ ਰਿਹਾ ਹੈ। ਮਨੁਖ ਨੂੰ ਜ਼ਿੰਦਗੀ ਦੀ ਸੇਧ ਜ਼ਰੂਰ ਫੜਨੀ ਪੈਂਦੀ ਹੈ। ਜਿਸ ਨੇ ਜ਼ਿੰਦਗੀ ਦੇ ਸੇਧ ਨੂੰ ਨਹੀਂ ਫੜਿਆ ਉਸ ਦਾ ਆਉਣਾ ਜਾਣਾ ਅਕਾਰਥ ਹੈ। ਸੋ ਲਸੜ ਹੈ ਜ਼ਿੰਦਗੀ ਦੀ ਚਾਲ ਨੂੰ ਸਮਝਣ ਦੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵਿਸਾਖੀ ਵਾਲੇ ਦਿਨ ਜ਼ਿੰਦਗੀ ਨੂੰ ਇਕ ਨਵੇਂ ਮੋੜ ਤੇ ਮੋੜਿਆ ਹੈ। ਇਕ ਉਰਦੂ ਦਾ ਸ਼ਾਇਰ ਠੀਕ ਲਿਖਦਾ ਹੈ :–

ਜ਼ਿੰਦਗੀ ਜ਼ਿੰਦਾ ਦਿਲੀ ਕਾ ਨਾਮ ਹੈ,
ਮੁਰਦਾ ਦਿਲ ਕਿਆ ਖ਼ਾਕ ਜੀਆ ਕਰਤੇ ਹੈਂ।

ਵਿਸਾਖੀ ਤਾਂ ਅਗੇ ਵੀ ਆਉਂਦੀ ਸੀ ਤੇ ਅਗੋਂ ਵੀ ਆਵੇਗੀ, ਪਰੰਤੂ 1699 ਈਸਵੀ ਦੀ ਵਿਸਾਖੀ ਦੀ ਖ਼ਾਸ ਮਹੱਤਤਾ ਹੈ। ਇਸ ਦਿਨ ਖੰਡੇ ਦੀ ਧਾਰ ਚੋਂ ਸ਼ਾਂਤੀ ਨੇ ਜਨਮ ਲਿਆ। ਸੀਸ ਭੇਟ ਕੀਤਿਆਂ ਹੀ ਇਨਕਲਾਬ ਆਉਂਦੇ ਹਨ। ਜਾਨਾਂ ਵਾਰ ਕੇ ਹੀ ਸ਼ਾਨਾਂ ਬਚਾਈਆਂ ਜਾਂਦੀਆਂ ਹਨ। ਜਿਸ ਜ਼ਿੰਦਗੀ ਵਿਚ ਗ਼ੈਰਤ ਨਹੀਂ, ਪੱਤ ਆਬਰੋ ਤੇ ਅਣਖ ਨਹੀਂ


www.AKJ.org

ਉਹ ਮੁਰਦਾ ਜ਼ਿੰਦਗੀ ਹੈ। ਉਹ ਤੁਰਦੀ ਫਿਰਦੀ ਲਾਸ਼ ਹੈ। ਇਹ ਜਿਊਂਦੀ ਲਾਸ਼, ਤੁਰਦੀ ਫਿਰਦੀ ਲਾਸ਼ ਮੁਰਦਾ ਹੱਡੀਆਂ ਨਾਲੋਂ ਵਧੇਰੇ ਦੁਖਦਾਇਕ ਹੈ। ਹੱਥ ਤੇ ਹੱਥ ਧਰ ਕੇ ਬੈਠਣ ਨਾਲੋਂ ਆਜ਼ਾਦੀ ਦੀ ਜਦੋਜਹਿਦ ਵਿਚ, ਆਜ਼ਾਦੀ ਲਈ ਕੀਤੇ ਉਪਰਾਲੇ ਵਿਚ ਮਰ ਜਾਣਾ ਗੁਲਾਮੀ ਦੀ ਜ਼ਿੰਦਗੀ ਨਾਲੋਂ ਲੱਖ ਦਰਜੇ ਚੰਗੇਰਾ ਹੈ। ਉਸ ਪੁਤਰ ਦੇ ਜੰਮਣ ਦਾ ਕੀ ਲਾਭ ਤੇ ਮਰ ਜਾਣ ਦਾ ਕੀ ਨੁਕਸਾਨ ਜਿਸ ਦੇ ਪਿਉ ਦਾਦੇ ਦੀ ਧਰਤੀ ਨਾਲ ਗੈਰ ਲੋਕ ਚਿੰਬੜੇ ਹੋਣ? ਮੌਤ ਤੋਂ ਕਾਹਦਾ ਡਰ? ਮੌਤ ਨੇ ਤਾਂ ਇਕ ਦਿਨ ਆਉਣਾ ਹੀ ਹੈ। ਜੋ ਘੜਿਆ ਸੋ ਭਜਣਾ ਹੈ, ਜੋ ਖਿੜਿਆ ਹੈ ਕੁਮਲਾਏਗਾ, ਜੋ ਖੜੋਤਾ ਹੈ ਲੇਟੇਗਾ। ਜੋ ਚੜ੍ਹਿਆ ਹੈ ਜ਼ਰੂਰ ਛਿਪੇਗਾ। ਇਕ ਕੁਦਰਤ ਦਾ ਅਟੱਲ ਨਿਯਮ ਹੈ। ਸੋਚਾਂ ਵਿਚਾਰਾਂ ਜਾਂ ਨਿਰੇ ਡਰ ਨਾਲ ਮੌਤ ਰੁਕ ਨਹੀਂ ਚਲੀ। ਜਦੋਂ ਹਰ ਹੀਲੇ ਮਰਨਾ ਹੀ ਹੈ ਤਾਂ ਫਿਰ ਕਿਉਂ ਨਾ ਬੀਰ ਬਹਾਦਰਾਂ ਦੀ, ਸ਼ੇਰਾਂ ਦੀ ਮੌਤ ਮਰਿਆ ਜਾਵੇ। ਸ਼ਾਨਦਾਰ ਮੌਤ ਕਿਉਂ ਨਾ ਵਿਹਾਜੀ ਜਾਵੇ? ਜੇ ਡਰਨਾ ਹੈ ਤਾਂ ਬਦਇਖਲਾਕੀ ਦੀ ਮੌਤ ਤੋਂ ਡਰ। ਜੇ ਡਰਨਾ ਹੈ ਬੇਅਣਖੀ ਦੀ ਮੌਤ ਤੋਂ ਡਰ, ਗੁਲਾਮੀ ਦੀ ਮੌਤ ਤੋਂ ਡਰੋ। ਮੌਤ ਤੋਂ ਕਾਹਨੂੰ ਡਰਦੇ ਹੋ? ਇਕ ਦਿਨ ਇਥੋਂ ਚਲਣਾ ਜ਼ਰੂਰੀ ਹੈ :—

ਡੱਡਾ ਡੇਰਾ ਇਹ ਨਹੀ, ਡਰ ਤੇਰੇ ਤਹਿ ਜਾਣ।
ਉਹ ਡੇਰਾ ਕੈ ਸੰਜਮੋ, ਗੁਰ ਕੈ ਸ਼ਬਦਿ ਪਛਾਨਿ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਵਿਚੋਂ ਮੌਤ ਦਾ ਭੈ ਕਢਿਆ। ਖਾਲਸਾ ਮੌਤ ਨੂੰ ਕਿਉਂ ਮਖੌਲਾਂ ਕਰਦਾ ਹੈ? ਗੁਰੂ ਗੋਬਿੰਦ ਸਿੰਘ ਜੀ ਨੇ ਮੌਤ ਨਾਲ ਕਿਉਂ ਪ੍ਰੀਤੀ ਵਧਾਈ? ਇਸ ਦੇ ਉਤਰ ਫ਼ਲਸਫ਼ੇ ਨੇ ਦਿੱਤੇ ਹਨ, ਇਤਿਹਾਸ ਨੇ ਦਿਤੇ ਹਨ ਖਾਲਸਾ ਜਾਣਦਾ ਹੈ ਮੌਤ ਸਰੀਰ ਨੂੰ ਆਉਂਦੀ ਹੈ ਰੂਹ ਦਾ ਕੁਝ ਨਹੀਂ ਵਿਗਾੜਦੀ। ਖਾਲਸੇ ਦਾ ਵਾਸ 'ਚਰਣ ਕਮਲ ਕੀ ਮੌਜ' ਵਿਚ ਹੈ। ਖਾਲਸ ਰੂਹਾਨੀ ਧਿਆਨ ਵਿਚ ਵਿਚਰਦਾ ਹੈ। ਮੌਤ ਬਰ-ਹੱਕ ਹੈ। ਖਾਲਸਾ ਆਦਰਸ਼ਾਂ ਲਈ ਜੂਝਦਾ ਹੈ। ਮਨੁੱਖ ਦੇ ਆਦਰਸ਼ ਅਮਰ ਹੁੰਦੇ ਹਨ। ਇਸੇ ਲਈ ਖਾਲਸਾ ਪੰਥ ਜੁਗੋ ਜੁਗ ਅਟੱਲ ਹੈ। ਖਾਲਸੇ ਦੇ ਆਦਰਸ਼ ਅਮਰ ਹਨ। ਜੁਗੋ ਜੁਗ ਅਟੱਲ ਕਿਹੜਾ ਹੈ? ਉਹ ਖਾਲਸਾ ਜਿਸ ਦੇ ਘਟਿ ਵਿਖੇ ਜਾਗਤ ਜੋਤ ਜਗਦੀ ਹੈ ਜੋ ਜਾਗਤ ਜੋਤ ਦਾ ਪੁਜਾਰੀ ਹੈ। ਮਨੁਖ ਇਕ ਪਾਸੇ ਤਾਂ ਮੌਤ ਤੋਂ ਡਰੇ ਤੇ ਦੂਜੇ ਨਹੀਂ ਵੀ। ਮਨੁਖ ਨੂੰ ਮੌਤ ਤੋਂ ਇਸ ਲਈ ਡਰਨਾ ਚਾਹੀਦਾ ਹੈ ਕਿ ਇਸ ਦੇ ਡਰ ਨਾਲ ਪਾਪਾਂ ਤੋਂ ਬਚੇ ਰਹਿੰਦਾ ਹੈ ਤੇ ਡਰਨਾ ਇਸ ਲਈ ਨਹੀਂ ਚਾਹੀਦਾ ਇਹ ਵਿਗਾੜਦੀ ਕਿਸੇ ਦਾ ਕੁਝ ਨਹੀਂ। ਮੌਤ ਤਾਂ ਸਿਰਫ ਪੁਰਾਣੇ ਦੀਵੇ ਦੀ ਥਾਂ ਨਵਾਂ ਦੀਵਾ ਬਦਲ ਕੇ ਰਖ ਦਿੰਦੀ ਹੈ। ਅੰਦਰਲੀ ਜੋਤ ਕਿਧਰੇ ਨਹੀਂ ਜਾਂਦੀ। ਉਸ ਦਾ ਕੁਝ ਨਹੀਂ ਵਿਗੜਦਾ। ਕ੍ਰਿਸ਼ਨ ਜੀ ਗੀਤਾ ਵਿਚ ਲਿਖਦੇ ਹਨ:—

"ਆਤਮਾ ਅਮਰ ਹੈ। ਨਾ ਇਸਨੂੰ ਅੱਗ ਸਾੜ ਸਕਦੀ ਹੈ। ਨਾ ਪਾਣੀ ਡੋਬ ਸਕਦਾ ਹੈ। ਨਾ ਇਸ ਨੂੰ ਹਵਾ ਸੁਕਾ ਸਕਦੀ ਹੈ। ਨਾ ਤਲਵਾਰ ਕੱਟ ਸਕਦੀ ਹੈ।" ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵਿਸਾਖੀ ਵਾਲੇ ਦਿਨ ਖਾਲਸੇ ਵਿਚੋਂ ਮੌਤ ਦਾ ਖਟਕਾ ਦੂਰ ਕੀਤਾ ਤੇ ਆਪਣੇ ਮਨੋਰਥ 'ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ' ਦੀ ਵਿਆਖਿਆ ਕਰਕੇ ਦਸੀ। ਗੁਰੂ ਜੀ ਨੇ ਔਰੰਗਜ਼ੇਬ ਨੂੰ ਵੰਗਾਰ ਪਾਕੇ ਆਖਿਆ :—


www.AKJ.Org

ਮੈਂ ਬੀਰ ਪੈਦਾ ਕਰਾਂਗਾ। ਮੈਂ ਖੰਡੇ ਦੀ ਧਾਰ ਵਿਚੋਂ ਸ਼ਾਂਤੀ ਲਭਾਂਗਾ। ਦੁਨੀਆਂ ਜੰਗਲਾਂ ਵਿਚ ਜਾ ਜਾ ਕੇ ਸ਼ਾਂਤੀ ਲਭਦੀ ਰਹੀ ਹੈ। ਮੈਂ ਸ਼ਸਤਰਾਂ ਵਿਚੋਂ ਸ਼ਾਂਤੀ ਲਭਾਂਗਾ। ਮੈਂ ਹੋਣੀ ਨੂੰ, ਕਿਸਮਤ ਨੂੰ ਤਲਵਾਰ ਨਾਲ ਟਾਲ ਦਿਆਂਗਾ। ਮੈਂ ਗੈਰਾਂ ਦਾ ਝੰਡਾ ਹਿੰਦੁ-ਸਤਾਨ ਦੀ ਧਰਤੀ ਤੇ ਨਹੀਂ ਝੁਲਣ ਦਿਆਂਗਾ। ਔਰੰਗਜ਼ੇਬ ਜੋ ਤੂੰ ਦਾਰੁਲ ਹਰਬ (ਕਾਫਰਾਂ ਦੇ ਦੇਸ਼) ਨੂੰ ਦਾਰੁਲ ਇਸਲਾਮ (ਮੋਮਨਾਂ ਦੇ ਦੇਸ਼) ਵਿਚ ਬਦਲਨਾ ਚਾਹੁੰਦਾ ਹੈ ਮੈਂ ਤੇਰੀ ਪੇਸ਼ ਨਹੀਂ ਚਲਣ ਦਿਆਂਗਾ। ਔਰੰਗਜ਼ੇਬ ਪੰਜਾਬ ਵਿਚ ਸ਼ੇਰਬੁਕਣਗੇ। ਜਿਥੇ ਵੀ ਪੈਰ ਧਰੇਂਗਾ ਵੱਢ ਕੇ ਖਾ ਜਾਣਗੇ। ਔਰੰਗ-ਜ਼ੇਬ ਜੇ ਤੂੰ ਜ਼ੁਲਮ ਦੇ ਘੋੜੇ ਨੂੰ ਲਗਾਮਾਂ ਨਾ ਦਿੱਤੀਆਂ ਤਾਂ ਮੈਂ ਤੇਰੇ ਘੋੜੇ ਦੇ ਪੈਰਾਂ ਹੇਠ ਅੱਗ ਦੇ ਲੰਬੇ ਰਖ ਦਿਆਂਗਾ।

ਆਤਸ਼ ਚੁਨਾ ਜੇਰੇ ਨਾਲਤ ਨਿਹਮ।
ਜੁ ਪੰਜਾਬ ਆਬਤ ਨਖੁਰਦਨ ਦਿੱਹਮ।
ਸਮੇਂ ਬਾਦ ਪਾਇਆਂ ਫੋਲਾਦ ਨਾਅਨ।
ਜਿਮੀਂ ਗਸ਼ਤ ਪੁਸਤੇ ਪਲੰਗੇ ਮਿਸਾਲ।

ਮੈਂ ਜ਼ਿੰਦਗੀ ਦੀ ਖਿਜ਼ਾਂ ਵਿਚੋਂ ਬਹਾਰਾਂ ਨੂੰ ਜਗਾਵਾਂਗਾ। ਕਬਰਾਂ ਦੇ ਮੁਰਦੇ ਉਠ ਉਠ ਕੇ ਬੋਲਣ ਗੇ। ਮਿਰਗ ਤ੍ਰਿਸ਼ਨਾ ਦੇ ਥਲਾਂ ਵਿਚੋਂ ਆਬਸ਼ਾਰਾਂ ਜਾਗ ਉਠਣਗੀਆਂ। ਜ਼ਾਲਮ ਬਾਜਾਂ ਦੇ ਪੰਜਿਆਂ ਚੋਂ ਨਪੀਆਂ ਗੁਟਾਰਾਂ ਜਾਗਣਗੀਆਂ। ਫਨਾਹ ਦੇ ਬਦਲ ਫਟ ਜਾਣਗੇ। ਜੰਗੀ ਅੰਬਾਰਾਂ ਵਿਚੋਂ ਸੁਤੀਆਂ ਕਟਾਰਾਂ ਜਾਗ ਉਠਣਗੀਆਂ। ਊਚ-ਨੀਚ ਦੇ ਵਿਤਕਰੇ ਮਿਟਾ ਦਿਆਂਗਾ। ਨਿਰਬਲ ਗਊਆਂ ਦੇ ਵਗਾਂ ਨੂੰ ਸ਼ੇਰਾਂ ਦੇ ਵਗਾਂ ਵਿਚ ਬਦਲ ਦਿਆਂਗਾ ਤਾਂ ਕਿ ਨਿਰਬਲ ਗਊਆਂ ਤੇ ਬਘਿਆੜ ਨਾ ਪੈ ਸਕਣ। ਮੈਂ ਜ਼ਾਲਮ ਮੁਗਲ ਸਾਮਰਾਜ ਦੇ ਮਹਿਲਾਂ ਦੇ ਦੀਵੇ ਗੁਲ ਕਰ ਦਿਆਂਗਾ। ਔਰੰਗਜ਼ੇਬ ਤੂੰ ਕਿਸੇ ਕਿਸੇ ਬੰਦੇ ਨੂੰ ਸਰਦਾਰ ਬਣਾਉਂਦਾ ਹੈਂ। ਮੈਂ ਕੱਲੇ ਕੱਲੇ ਬੰਦੇ ਨੂੰ ਸਰਦਾਰ ਬਣਾ ਕੇ ਰਖ ਦਿਆਂਗਾ—ਗੁਰੂ ਜੀ ਦੀ ਅਡੋਲ ਵੰਗਾਰ ਆਪੇ ਗੁਰ ਚੇਲਾ ਦੇ ਸਾਂਗ ਨਾਲ ਸਬੰਧਤ ਹੈ ਜਿਸ ਦਾ ਅਸੀਂ ਜ਼ਿਕਰ ਕਰਨ ਲਗੇ ਹਾਂ :—

ਸੰਸਾਰ ਦੇ ਕਿਸੇ ਵੀ ਮਹਾਂ ਪੁਰਸ਼ ਨੂੰ ਇਨੇ ਖਿਤਾਬ ਨਹੀਂ ਮਿਲੇ ਜਿੰਨੇ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲ ਚੁਕੇ ਹਨ। ਦਸਮੇਸ਼ ਜੀ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ।

ਬਾਜਾਂ ਫੌਜਾਂ ਵਾਲੇ, ਸਰਬੰਸ ਲੁਟਾਣ ਵਾਲੇ, ਧਰਮ ਰਖਿਅਕ, ਮੁਕਤੀ ਦਾਤਾ, ਅੰਮ੍ਰਿਤ ਕੇ ਦਾਤਾ, ਅਡੋਲ ਗੁਰੂ, ਪੰਥ ਦੇ ਵਾਲੀ......ਆਦਿ ਆਦਿ ਆਖ ਕੇ ਪੁਕਾਰਿਆ ਜਾਂਦਾ ਹੈ। ਆਪ ਧੁਰੋਂ ਨਿਵਾਜੇ ਹੋਏ ਹੇਮਕੁੰਟ ਪਰਬਤ ਤੋਂ ਪਰਮ ਪੁਰਖ ਕਾ ਦਾਸਾ ਬਣਕੇ ਮਾਤ ਲੋਕ ਦਾ ਜਗਤ ਤਮਾਸ਼ਾ ਵੇਖਣ ਆਏ। 'ਕਬੁਧ ਕਰਨ ਤੋਂ ਲੋਕ ਹਟਾਇ' ਇਹ ਆਪ ਜੀ ਦਾ ਫਰਜ਼ ਸੀ ਜੋ ਆਪ ਨੇ ਪੰਜ ਭੂਤਕ ਜਾਮੇਂ ਵਿਚ ਰਹਿੰਦਿਆਂ ਹੋਇਆਂ ਪੂਰਾ ਕਰ ਵਿਖਾਇਆ। ਆਪ ਦੀ ਉਮਰ ਬਹੁਤ ਥੋੜੀ ਸੀ। ਕੰਮ ਬਹੁਤ ਵਡੇ ਸਨ। 42 ਸਾਲ ਦੀ ਉਮਰ ਵਿਚ ਆਪ ਚਾਰ ਜੁਗਾਂ ਜਿੰਨਾ ਕੰਮ ਕਰ ਗਏ।

ਗੁਰੂ ਜੀ ਦਾ ਭਵ-ਪਰਕਾਸ਼ 22 ਦਸੰਬਰ, 1666 ਈਸਵੀ ਨੂੰ ਪਟਨਾ (ਸੂਬਾ ਬਿਹਾਰ) ਵਿਖੇ ਮਾਤਾ ਗੁਜਰ ਕੌਰ ਜੀ ਦੀ ਕੁਖੋਂ ਹੋਇਆ। ਸਤ ਕੁ ਵਰ੍ਹੇ ਦੀ ਉਮਰ ਵਿਚ ਆਪ ਮਦਰ ਦੇਸ਼ ਅਰਥਾਤ ਪੰਜਾਬ ਵਿਚ ਅਨੰਦਪੁਰ ਸਾਹਿਬ ਜ਼ਿਲਾ ਹੁਸ਼ਿਆਰਪੁਰ ਵਿਚ


www.AKJ.Org

ਆ ਵਸੇ। ਆਪ ਜੀ ਦੀ ਹਰ ਪਰਕਾਰ ਦੀ ਸਿਖਿਆ ਦਾ ਪ੍ਰਬੰਧ ਗੁਰੂ ਤੇਗ ਬਹਾਦਰ ਜੀ ਨੇ ਕਰ ਦਿਤਾ ਸੀ ਜਿਸ ਦਾ ਜ਼ਿਕਰ ਆਪ ਨੇ ਬਚਿਤਰ ਨਾਟਕ ਵਿਚ ਕੀਤਾ ਹੈ :—

ਜਬ ਹੀ ਹਮ ਜਾਤ ਤ੍ਰਿਬੇਣੀ ਭਾਏ।
ਪੁੰਨ ਦਾਨ ਬਹੁ ਕਰਤ ਬਿਤਾਏ।
ਮਦਰ ਦੇਸ਼ ਹਮ ਕੋ ਲੇ ਆਏ।
ਭਾਂਤ ਭਾਂਤ ਦਾਈਅਨ ਦੁਲਰਾਏ।
ਕੀਨੀ ਅਨਿਕ ਭਾਂਤ ਤਨ ਰੱਛਾ।
ਦੀਨੀ ਭਾਂਤ ਭਾਂਤ ਕੀ ਸਿੱਛਾ।

(ਬਚਿੱਤਰ ਨਾਟਕ 'ਚੋਂ)

ਜਦੋਂ ਆਪ 9 ਕੁ ਵਰ੍ਹੇ ਦੇ ਹੋਏ ਉਦੋਂ ਆਪ ਦੇ ਪਿਤਾ ਦੀ ਦਿਲੀ ਵਿਖੇ ਤਿਲਕ ਜੰਞੂ ਕਾ ਰਾਖਾ ਬਣ ਕੇ ਹਿੰਦੂ ਧਰਮ ਲਈ ਆਪਣਾ ਸੀਸ ਦਿਤਾ ਤੇ ਗੁਰੂ ਗੋਬਿੰਦ ਸਿੰਘ ਜੀ 'ਬਡ਼ੂ ਕਾਲ ਮਹਿ' ਮਹਾਨ ਸਾਕਾ ਕੀਤਾ ਜਿਸ ਦਾ ਜ਼ਿਕਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਰਦੇ ਹੋਏ ਦਸਦੇ ਹਨ ਕਿ ਮੇਰੇ ਪਿਤਾ ਦੀ ਸ਼ਹਾਦਤ ਹਿੰਦੂ ਧਰਮ ਲਈ ਹੋਈ :

ਤਿਲਕ ਜੰਞੂ ਰਾਖਾ ਪ੍ਰਭੂ ਤਾਕਾ।
ਕੀਨੋ ਬਡ਼ੂ ਕਾਲ ਮਹਿ ਸਾਕਾ।
ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰ ਨਾ ਦੀਆ।
ਨਾਟਕ ਚੇਟਕ ਕਰਤ ਕੁਕਾਜਾ।
ਪ੍ਰਭ ਲੋਗਨ ਕੋ ਆਵਤ ਲਾਜਾ।
ਸਾਧਨ ਹੇਤ ਇਤਿ ਜਿਨ ਕਰੀ।
ਸੀਸ ਦੀਆ ਪਰ ਸੀ ਨਾ ਉਚਰੀ।

(ਬਚਿਤਰ ਨਾਟਕ ਵਿਚੋਂ)

ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਿਰ ਤਾਂ ਦੇ ਦਿਤਾ ਪਰ ਸਿਰ ਅਰਥਾਤ ਵਾਹਿਗੁਰੂ ਦੀ ਦਾਤ ਦਾ, ਬਖਸ਼ਸ਼ ਦਾ ਜੋ ਆਪ ਨੂੰ ਰਬ ਵਲੋਂ ਮਿਲੀ ਸੀ ਦਾ ਭੇਦ ਨਾ ਦਿਤਾ। ਕੋਈ ਕਰਾਮਾਤ ਨਹੀਂ ਵਿਖਾਈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਿਖ ਇਤਿਹਾਸ ਵਿਚ ਇਕ ਮੋੜ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿਖਾਂ ਨੂੰ ਦਸ ਦਿਤਾ ਸੀ ਕਿ ਜੇਕਰ ਉਹ ਜਿਊਣਾ ਲੋੜਦੇ ਹਨ ਤਾਂ ਉਨ੍ਹਾਂ ਨੂੰ ਸ਼ਸਤਰਧਾਰੀ ਹੋਣਾ ਪਵੇਗਾ।

ਪ੍ਰਸਿਧ ਹਿਸਟੋਰੀਅਨ ਆਰਚਰ ਲਿਖਦਾ ਹੈ :

'ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਸਿਖ ਧਰਮ ਨੇ ਹੁਲਾਰਾ ਖਾਧਾ। ਖੇਤਾਂ ਦੇ ਹਲ ਤੇ ਫਾਲੇ ਗੈਰਾਂ ਵਿਚ ਬਦਲ ਗਏ। ਦੇਸ਼ ਨੇ ਬਲਵਿਆਂ ਦਾ ਰੂਪ ਧਾਰ ਲਿਆ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੇ ਧਰਮ ਦੀ ਜੁਆਲਾ ਭੜਕਾ ਦਿਤੀ। ਗੁਰੂ ਜੀ ਦੀ ਸ਼ਹਾਦਤ ਔਰੰਗਜ਼ੇਬ ਦੇ ਜ਼ੁਲਮ ਨੂੰ ਇਉਂ ਚੱਕ ਕੇ ਲੈ ਗਈ ਜਿਵੇਂ ਸੜਕ ਉਤੇ ਪਏ ਸੁਕੇ ਪੱਤੇ ਨੂੰ ਹਵਾ ਚੁਕ ਲੈ ਜਾਂਦੀ ਹੈ।

ਡਾਕਟਰ ਗੋਕਲ ਚੰਦ ਜੀ ਨਾਰੰਗ ਲਿਖਦੇ ਹਨ :

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਦੇਸ਼ ਦੇ ਸਮੁਚੇ ਹਿੰਦੂਆਂ ਨੇ ਆਪਣੇ ਧਰਮ ਲਈ ਹੋਈ ਸ਼ਹਾਦਤ ਸਮਝਿਆ। ਜਿਸ ਦਾ ਫਲ ਸਰੂਪ ਹਿੰਦੂ ਸਮਾਜ ਔਰੰਗਜ਼ੇਬ ਦਾ ਸਦਾ ਲਈ ਦੁਸ਼ਮਣ ਬਣ ਗਿਆ। ਸਾਰੇ ਦੇਸ਼ ਦੇ ਹਿੰਦੂਆਂ ਦਾ ਰੋਸ ਔਰੰਗਜ਼ੇਬ ਦੀ ਤਬਾਹੀ ਦਾ ਕਾਰਨ ਬਣਿਆ।

(ਚਲਦਾ)


www.AKJ.Org

ਗੁਰੂ ਪਿਆਰਿਓ !

ਜੇ ਤੁਸੀਂ ਆਪਣੀ ਕਿਰਤ ਕਮਾਈ ਵਿਚੋਂ ਕਢੇ ਹੋਏ ਦਸਵੰਧ ਨੂੰ ਸਫਲ ਕਰਨਾ ਚਾਹੁੰਦੇ ਹੋ ਤਾਂ :–

* ਚੰਗੀਆਂ ਧਾਰਮਕ ਪੁਸਤਕਾਂ ਖਰੀਦ ਕੇ ਪੜ੍ਹੋ।
* ਬੱਚੇ ਬਚੀਆਂ ਨੂੰ ਪੜ੍ਹਨ ਸੁਣਨ ਲਈ ਪ੍ਰੇਰੋ।
* ਚੰਗੀਆਂ ਪੁਸਤਕਾਂ ਲਾਇਬਰੇਰੀਆਂ ਵਿਚ ਰਖੋ।
* ਧਾਰਮਕ ਮਾਸਕ ਪੱਤਰਾਂ ਨੂੰ ਮਾਇਕ ਸਹਾਇਤਾ ਦਿਉ।

† ਖਰਚੀ ਮਾਇਆ ਪ੍ਰਉਪਕਾਰੀ ਹੋ ਨਿਬੜੇਗੀ

www.AKJ.org